ਸੱਤਵਾਂ ਸਾਲ

ਪਰਦੇਸ ਟਾਇਮਜ਼

Pardes Times Bi-weekly

ਮਾਂ-ਬੋਲੀ ਨੂੰ ਸਮਰਪਿਤ

ਬਲਬੀਰ ਸਿੰਘ ਐਮ.ਏ. ਮੁੱਖ ਸੰਪਾਦਕ

7th year in Publication

www.pardestimes.com

VOL- 7 No. 163 February 06, 2013 E-mail : info@pardestimes.com Ph.: 510-938-7771, Fax- 510-740-3520

ਮੋਗਾ ਤੋਂ ਕੌਣ ਜਿੱਤੇਗਾ? ਗੁੰਝਲਦਾਰ ਹੋਈ ਉਪ ਚੋਣ

ਵੋਟਾਂ ਦੀ ਖਰੀਦੋ-ਫਰੋਖਤ ਅਤੇ ਪੈਸੇ ਦੀ ਖੇਡ ਉਤੇ ਨਿਰਭਰ ਕਰੇਗੀ ਜਿੱਤ-ਹਾਰ

ਮੋਗਾ- ਆਗਾਮੀ 23 ਫਰਵਰੀ ਨੂੰ ਹੋਣ ਜਾ ਰਹੀ ਮੋਗਾ ਵਿਧਾਨ ਸਭਾ ਹਲਕੇ ਦੀ ਉਪ ਚੋਣ ਲਈ ਦੋਵੇਂ ਪ੍ਰਮੁੱਖ ਸਿਆਸੀ ਪਾਰਟੀਆਂ ਸਰਗਰਮ ਹੋ ਚੁੱਕੀਆਂ ਹਨ। ਮੋਗਾ ਸ਼ਹਿਰ ਤੋਂ ਇਲਾਵਾ ਇਸ ਹਲਕੇ ਵਿਚ 53 ਪਿੰਡ ਪੈਂਦੇ ਹਨ ਅਤੇ ਇਹ ਹਲਕਾ ਆਰਥਿਕ ਪੱਖੋਂ ਕਾਫੀ ਹੱਦ ਤੱਕ ਖੁਸ਼ਹਾਲ ਮੰਨਿਆ ਜਾਂਦਾ ਹੈ। ਇਸ ਹਲਕੇ ਦੇ ਲੋਕਾਂ ਦੇ ਮਨ ਦੀ ਗੱਲ ਬੁੱਝਣੀ ਅੱਜ ਤੱਕ ਕਿਸੇ ਵੀ ਸਿਆਸੀ ਪਾਰਟੀ ਦੇ ਵੱਸ ਦੀ ਗੱਲ ਨਹੀਂ ਰਹੀ ਹੈ। ਪਿਛਲੀਆਂ ਵਿਧਾਨ ਸਭਾ ਚੋਣਾਂ ਵਿਚ ਅਕਾਲੀ ਦਲ ਬਾਦਲ ਨੇ ਇੱਥੋਂ ਤਾਕਤਵਰ ਉਮੀਦਵਾਰ ਸਾਬਕਾ ਡੀ. ਜੀ. ਪੀ. ਪਰਮਦੀਪ ਸਿੰਘ ਗਿੱਲ ਨੂੰ ਉਤਾਰਿਆ ਸੀ। ਉਹਨਾਂ ਦਾ ਮੁਕਾਬਲੇ ਇੱਥੋਂ ਪਹਿਲਾਂ ਹੀ ਵਿਧਾਇਕ ਚਲੇ ਆ ਰਹੇ ਜੋਗਿੰਦਰਪਾਲ ਜੈਨ ਦੇ ਨਾਲ ਸੀ। ਬਹੁਤ ਥੋੜ੍ਹੇ ਫਰਕ ਨਾਲ ਜੋਗਿੰਦਰਪਾਲ ਜੈਨ ਦੁਬਾਰਾ ਜਿੱਤ ਗਏ ਸਨ ਅਤੇ ਪਰਮਦੀਪ ਸਿੰਘ ਗਿੱਲ ਜ਼ਬਰਦਸਤ ਚੋਣ ਮੁਹਿੰਮ ਦੇ ਬਾਵਜੂਦ ਪਿੱਛੇ ਰਹਿ ਗਏ ਸਨ। ਇਸ ਵਾਰ ਮੁਕਾਬਲੇ ਕਾਂਗਰਸ ਦੇ ਨਵੇਂ ਉਮੀਦਵਾਰ ਵਿਜੇ ਸਾਥੀ ਦੇ ਨਾਲ ਹੈ। ਇਸ ਹਲਕੇ ਦੀ ਆਬਾਦੀ ਅਤੇ ਧਰਮ ਪੱਖੋਂ ਸਥਿਤੀ ਵੀ ਕਾਫੀ ਗੁੰਝਲਦਾਰ ਹੈ। ਮੋਗਾ ਹਲਕੇ ਵਿਚ ਹਿੰਦੂ ਵੋਟ ਸਿੱਖ ਵੋਟ ਦੇ ਲੱਗਭੱਗ ਬਰਾਬਰ ਹੈ। ਇਸ ਹਲਕੇ ਵਿਚ ਬਾਕੀ ਸਿਆਸੀ ਪਾਰਟੀਆਂ ਦੀ ਹਾਲਤ ਸ਼ੁਰੂ ਤੋਂ ਹੀ ਚੰਗੀ ਨਹੀਂ ਰਹੀ ਅਤੇ ਅਕਸਰ ਮੁਕਾਬਲਾ ਕਾਂਗਰਸ ਅਤੇ ਅਕਾਲੀ ਦਲ ਦਰਮਿਆਨ ਹੁੰਦਾ ਰਿਹਾ ਹੈ। ਇਸ ਵਾਰ ਵੀ ਇਹੀ ਸਥਿਤੀ ਹੈ ਪਰ ਕਾਂਗਰਸ ਦੀ ਬੇੜੀ ਵਿਚ ਵੱਟੇ ਪਾਉਣ ਲਈ ਮਨਪ੍ਰੀਤ ਬਾਦਲ ਦੀ ਅਗਵਾਈ ਵਾਲੇ ਸਾਂਝੇ ਮੋਰਚੇ ਨੇ ਵੀ ਉਮੀਦਵਾਰ ਉਤਾਰਿਆ ਹੋਇਆ ਹੈ। ਇਸ ਹਲਕੇ ਵਿਚ ਕਮਿਊਨਿਸਟ ਵੋਟ 3 ਫੀਸਦੀ ਤੋਂ ਜ਼ਿਆਦਾ ਹੈ, ਜੋ ਕਦੀ ਵੀ ਟੁੱਟਦੀ ਨਹੀਂ ਅਤੇ ਨਾ ਹੀ ਵੇਚੀ ਜਾ ਸਕਦੀ। 4.5 ਫੀਸਦੀ ਤੋਂ ਜ਼ਿਆਦਾ ਬਸਪਾ ਦੀ ਵੋਟ ਉਤੇ ਹਲਕੇ ਵਿਚ ਹਰ ਵਾਰ ਰਾਜਨੀਤੀ ਅਤੇ ਦਾਅ-ਪੇਚ ਖੇਡੇ ਜਾਂਦੇ ਹਨ। ਇਸ ਵਾਰ ਅਕਾਲੀ ਦਲ ਕਿਉਂਕਿ ਪੂਰੀ ਤਾਕਤ ਦੇ ਨਾਲ ਚੋਣ ਲੜ ਰਿਹਾ ਹੈ, ਇਸ ਕਰਕੇ ਅਕਾਲੀ ਦਲ ਲਾਭ ਦੀ ਸਥਿਤੀ ਵਿਚ ਜ਼ਰੂਰ ਨਜ਼ਰ ਆ ਰਿਹਾ ਹੈ, ਪਰ ਵਿਰੋਧੀ ਧਿਰ ਕਾਂਗਰਸ ਨੇ ਇਸ ਚੋਣ ਦੇ ਲਈ ਜਿਸ ਤਰ੍ਹਾਂ ਦਾ ਮਾਹੌਲ ਬਣਾ ਦਿੱਤਾ ਹੈ, ਉਹ ਕਾਂਗਰਸ ਲਈ ਵੀ ਭਾਰੀ ਫਾਇਦੇਮੰਦ ਸਿੱਧ ਹੋਵੇਗਾ। ਕਾਂਗਰਸ ਇਸ ਹਲਕੇ ਨੂੰ ਲੈ ਕੇ ਇੱਕਜੁਟ ਹੈ ਅਤੇ ਸਾਂਝੇ ਮੋਰਚੇ ਦੇ ਵਿਚ ਕੁਝ ਤਰੇੜਾਂ ਨਜ਼ਰ ਆ ਰਹੀਆਂ ਹਨ। ਮਨਪ੍ਰੀਤ ਬਾਦਲ ਦੀ ਅਗਵਾਈ ਵਾਲੇ ਇਸ ਗੱਠਜੋੜ ਨੂੰ ਪਿਛਲੀ ਵਿਧਾਨ ਸਭਾ ਵਿਚ ਮੋਗਾ ਤੋਂ 4.3 ਫੀਸਦੀ ਦੇ ਕਰੀਬ ਵੋਟ ਮਿਲੀ ਸੀ। ਹਲਕੇ ਵਿਚ ਕਮਿਊਨਿਸਟ ਵੋਟ ਕਾਫੀ ਹੋਣ ਦੇ ਕਾਰਨ ਸਾਂਝਾ ਮੋਰਚਾ ਚੰਗੀ ਵੋਟ ਲੈ ਗਿਆ ਸੀ ਪਰ ਇਸ ਵਾਰ ਕਮਿਊਨਿਸਟ ਪਾਰਟੀਆਂ ਦੀ ਅਕਾਲੀ ਦਲ ਦੇ ਪ੍ਰਤੀ ਬੇਰੁੱਖੀ ਜ਼ਿਆਦਾ ਵੱਧ ਜਾਣ ਕਾਰਨ ਇਹ ਕਹਿਣਾ ਮੁਨਾਸਿਬ ਨਹੀਂ ਕਿ ਵੋਟ ਪ੍ਰਤੀਸ਼ਤ ਪਹਿਲਾਂ ਵਰਗਾ ਹੀ ਮੋਰਚੇ ਦੇ ਕੋਲ ਰਹੇਗਾ। ਮੋਗਾ ਵਿਧਾਨ ਸਭਾ ਹਲਕੇ ਤੋਂ ਅਕਾਲੀ ਦਲ ਦੇ ਉਮੀਦਵਾਰ ਜੋਗਿੰਦਰਪਾਲ ਜੈਨ ਇਕ ਤਾਕਤਵਰ ਉਮੀਦਵਾਰ ਹਨ। ਉਹਨਾਂ ਨੇ 2007 ਦੀਆਂ ਚੋਣਾਂ ਵਿਚ ਵੀ ਇੱਥੋਂ 47.77 ਫੀਸਦੀ ਵੋਟ ਹਾਸਲ ਕੀਤੀ ਸੀ, ਜਦਕਿ ਅਕਾਲੀ ਦਲ ਦੇ ਤੋਤਾ ਸਿੰਘ ਕੋਲ 46.65 ਫੀਸਦੀ ਵੋਟ ਰਹਿ ਗਈ ਸੀ। ਇਸ ਤੋਂ ਪਹਿਲਾਂ 2002 ਵਿਚ ਤੋਤਾ ਸਿੰਘ ਇੱਥੋਂ 47.91 ਫੀਸਦੀ ਵੋਟ ਲੈ ਕੇ ਜਿੱਤੇ ਸਨ, ਜਦਕਿ ਕਾਂਗਰਸ ਦੇ ਸਾਥੀ ਵਿਜੇ ਕੁਮਾਰ ਬਹੁਤ ਹੀ ਮਾਮੂਲੀ ਫਰਕ ਦੇ ਨਾਲ ਉਹਨਾਂ ਤੋਂ ਹਾਰੇ ਸਨ। ਸਾਥੀ ਵਿਜੇ ਕੁਮਾਰ ਜਾਂ ਵਿਜੇ ਸਾਥੀ ਦਾ ਵੀ ਇਸ ਹਲਕੇ ਵਿਚ ਤਾਕਤਵਰ ਆਧਾਰ ਹੈ, ਪਰ ਹੁਣ ਉਹਨਾਂ ਦੇ ਸਾਹਮਣੇ ਆਪਣੀ ਹੀ ਪਾਰਟੀ ਵਿਚ ਰਹੇ ਲੀਡਰ ਜੋਗਿੰਦਰਪਾਲ ਜੈਨ ਹਨ। ਇਸ ਹਲਕੇ ਦੀ ਸਥਿਤੀ ਸ਼ੁਰੂ ਤੋਂ ਹੀ ਵੱਖਰੀ ਰਹੀ ਹੈ। 1977 ਦੇ ਦਹਾਕੇ ਵਿਚ ਇਹ ਸੀਟ ਜਨਤਾ ਦਲ ਦੇ ਕੋਲ ਹੋਇਆ ਕਰਦੀ ਸੀ, ਉਸ ਤੋਂ ਬਾਅਦ ਇਹ ਸੀਟ ਕਾਂਗਰਸ ਦੇ ਕੋਲ ਜ਼ਿਆਦਾ ਸਮਾਂ ਰਹੀ। ਅਕਾਲੀ ਦਲ ਦੇ ਸਿਰਫ ਜਥੇਦਾਰ ਤੋਤਾ ਸਿੰਘ ਹੀ ਇਸ ਹਲਕੇ ਤੋਂ 2002 ਅਤੇ 1997 ਵਿਚ ਜਿੱਤ ਸਕੇ ਸਨ। ਇਸ ਵਾਰ ਜਥੇਦਾਰ ਤੋਤਾ ਸਿੰਘ ਦੇ ਪਰਿਵਾਰ ਵਿਚ ਵੀ ਨਰਾਜ਼ਗੀ ਅਤੇ ਅਣਦੇਖੀ ਦਾ ਦਰਦ ਪਾਇਆ ਜਾ ਰਿਹਾ ਹੈ। ਜਿੱਥੋਂ ਤੱਕ ਕਾਂਗਰਸ ਦਾ ਸਵਾਲ ਹੈ, ਕਾਂਗਰਸ ਦਾ ਇਸ ਹਲਕੇ ਵਿਚ ਇਤਿਹਾਸ ਗਵਾਹ ਹੈ ਕਿ ਇਹ ਪਾਰਟੀ ਹਮੇਸ਼ਾ ਹੀ ਚੰਗੀਆਂ ਵੋਟਾਂ ਲੈਂਦੀ ਰਹੀ ਹੈ ਅਤੇ ਜ਼ਿਆਦਾਤਰ ਇਸ ਹਲਕੇ ਉਤੇ ਕਾਂਗਰਸ ਦਾ ਕਬਜ਼ਾ ਰਿਹਾ ਹੈ। ਇਸ ਕਰਕੇ ਮੋਗਾ ਨੂੰ ਕਾਂਗਰਸ ਦਾ ਗੜ੍ਹ ਵੀ ਮੰਨਿਆ ਜਾਂਦਾ ਰਿਹਾ ਹੈ। ਅਕਾਲੀ ਦਲ ਦੇ ਲਈ ਇਹ ਸੀਟ ਵਕਾਰ ਦਾ ਸਵਾਲ ਇਸ ਕਰਕੇ ਵੀ ਹੈ ਕਿ ਇੱਥੋਂ ਅਕਾਲੀ ਦਲ ਨੂੰ ਬਹੁਤ ਘੱਟ ਸਫਲਤਾ ਮਿਲਦੀ ਆਈ ਹੈ। ਅਕਾਲੀ ਦਲ ਨੇ ਇਸ ਵਾਰ ਹਿੰਦੂ ਪੱਤਾ ਵੀ ਖੇਡਿਆ ਹੈ ਅਤੇ ਜੋਗਿੰਦਰਪਾਲ ਜੈਨ ਨੂੰ ਹੀ ਇੱਥੋਂ ਉਮੀਦਵਾਰ ਉਤਾਰ ਦਿੱਤਾ, ਜਦਕਿ ਇਕ ਸਾਲ ਦੇ ਸਮੇਂ ਦੇ ਅੰਦਰ ਦੁਬਾਰਾ ਚੋਣ ਹੋਣ ਦੇ ਕਾਰਨ ਹਲਕੇ ਦੇ ਲੋਕਾਂ ਵਿਚ ਉਹਨਾਂ ਦੇ ਪ੍ਰਤੀ ਨਰਾਜ਼ਗੀ ਵੀ ਪਾਈ ਜਾ ਸਕਦੀ ਹੈ। ਜਿੱਥੋਂ ਤੱਕ ਅਕਾਲੀ ਦਲ ਦਾ ਸਬੰਧ ਹੈ, ਉਸ ਦੇ ਲਈ ਵੀ ਇਹ ਸੀਟ ਜਿੱਤਣੀ ਕੋਈ ਔਖੀ ਨਹੀਂ, ਜੇਕਰ ਅਕਾਲੀ ਦਲ ਕਾਂਗਰਸ ਦੀ ਸਿਰਫ 2 ਫੀਸਦੀ ਵੋਟ ਵੀ ਖੋਰ ਦਿੰਦਾ ਹੈ ਤਾਂ ਅਕਾਲੀ ਦਲ ਦੀ ਜਿੱਤ ਯਕੀਨੀ ਹੈ, ਪਰ ਤਾਜ਼ਾ ਰੁਝਾਨ ਜੋ ਸਾਹਮਣੇ ਆ ਰਹੇ ਹਨ, ਉਹਨਾਂ ਮੁਤਾਬਕ ਜੇਕਰ ਕਾਂਗਰਸ ਅਕਾਲੀ ਦਲ ਨੂੰ ਬੈਲੀਆਂ ਖੋਲ੍ਹਣ ਤੋਂ ਰੋਕ ਦੇਵੇ ਤਾਂ ਨਿਸਚਿਤ ਹੀ ਉਸ ਦੀ ਜਿੱਤ ਯਕੀਨੀ ਹੈ ਕਿਉਂਕਿ ਵੋਟ ਬੈਂਕ ਦੇ ਹਿਸਾਬ ਨਾਲ ਅਕਾਲੀ ਦਲ ਦਾ ਪਲੜਾ ਹਲਕਾ ਹੈ ਅਤੇ ਕਾਂਗਰਸ ਦਾ ਭਾਰੀ, ਪਰ ਅਕਾਲੀ ਦਲ ਆਪਣੀ ਵਿਧਾਨ ਸਭਾ ਚੋਣਾਂ ਵਿਚ ਵਰਤੀ ਸਕੀਮ ਦੀ ਵਰਤੋਂ ਕਰਨ ਵਿਚ ਜੇਕਰ ਕਾਮਯਾਬ ਹੋ ਗਿਆ ਤਾਂ ਇਹ ਸੀਟ ਕਾਂਗਰਸ ਦੇ ਹੱਥੋਂ ਨਿਕਲ ਸਕਦੀ ਹੈ।

ਯਾਨਿ ਕਿ ਅਕਾਲੀ ਦਲ ਲਈ ਇਸ ਹਲਕੇ ਤੋਂ ਜਿੱਤਣਾ ਇਸ ਗੱਲ ਉਤੇ ਹੀ ਨਿਰਭਰ ਕਰੇਗਾ ਕਿ ਉਹ ਕਿੰਨਾ ਪੈਸਾ ਵੰਡ ਕੇ ਕਿੰਨੀਆਂ ਵੋਟਾਂ ਖਰੀਦ ਸਕਦਾ ਹੈ ਅਤੇ ਕਾਂਗਰਸ ਦੀ ਜਿੱਤ ਇਸ ਗੱਲ ਉਤੇ ਨਿਰਭਰ ਕਰੇਗੀ ਕਿ ਉਹ ਅਕਾਲੀ ਦਲ ਦੇ ਬੈਲੀਸ਼ਾਹ ਵਰਤੀਰੇ ਨੂੰ ਕਿੰਨੀ ਸਖਤੀ ਨਾਲ ਰੋਕ ਸਕਦੀ ਹੈ।

ਪਰਦੇਸ ਟਾਇਮਜ਼ ਦੀ 7ਵੀਂ ਵਰ੍ਹੇ ਗੰਢ 23 ਫਰਵਰੀ ਦਿਨ ਸ਼ਨਿਚਰਵਾਰ ਨੂੰ ਮਨਾਈ ਜਾ ਰਹੀ ਹੈ। ਜਾਣਕਾਰੀ ਲਈ ਆਖਰੀ ਸਫੇ ਤੇ ਦੇਖੋ

ਜਸਪਰੀਤ ਸਿੰਘ
ਅਟਾਰਨੀ ਐਟ ਲਾਅ, ਨਿਊਯਾਰਕ ਤੇ ਕੈਲੀਫੋਰਨੀਆ
ਰਫਿਊਜੀ ਸਟੇਅ, ਬੱਚਾ ਗੋਦ ਲੈਣਾ, ਡਿਪੋਰਟੇਸ਼ਨ, ਵਿਆਹ, ਐਚ ਵਨ, ਐਲ ਵਨ, ਲੇਬਰ ਸਰਟੀਫਿਕੇਸ਼ਨ ਦੀ ਮੁਫਤ ਸਲਾਹ ਲਈ ਸੰਪਰਕ ਕਰੋ
ਕੈਲੀਫੋਰਨੀਆ ਦਫਤਰ
44790 S.Grimmer blvd. # 204
Fremont, CA 94538
510-657-6444
ਨਿਊਯਾਰਕ ਦਫਤਰ
37-18-73rd ST, Ste401
Jackson Height, NY 11372
718-533-8444
ਸੈਕਰਾਮੈਂਟੋ ਦਫਤਰ
2945 W.Capitol Ave. West
Sacramento CA 95691
916-372-4448

AUTOBAHN
Body & Paint
Specializing in Convenience & Quality
ਡੈਂਟਿੰਗ ਅਤੇ ਪੇਂਟ ਦਾ ਕੰਮ ਕਰਵਾਉਣ ਲਈ ਮਿਲੋ
Baghel Singh Jaswal
Ph: (650) 966-1840, Fax: (650) 966-1023
www.autobahnbodypaint.com
778 Yuba Drive, Mountain View, CA 94041

= Discounts.
See me today and get the discounts and service you deserve
GURBINDER S MAVI, AGENT
Insurance Lic.# 0F22244
Bus : 650-326-0660, Cell : 408-829-6284
101 University Avenue Palo Alto, CA 94301
Like a Good Neighbor, State Farm is There
statefarm.com
State farm mutual Automobile Insurance Company. State Farm Indemnity Company Bloomington. IL

ਬੌਨਡਿਡ ਇੰਮੀਗਰੇਸ਼ਨ ਕਨਸਲਟੈਂਟ
FILING SERVICES OFFERED FOR FOLLOWING PETITIONS
ਫੈਮਲੀ ਇੰਮੀਗਰੇਸ਼ਨ
ਅਸਾਇਲਮ ਪਟੀਸ਼ਨਜ਼
ਗਰੀਨ ਕਾਰਡ ਐਪਲੀਕੇਸ਼ਨ
ਸਿਟੀਜ਼ਨਸ਼ਿਪ ਐਪਲੀਕੇਸ਼ਨ
ਟਰੱਕ ਵਾਲੇ ਵੀਰਾਂ ਲਈ ਖਾਸ ਛੋਟ
Atul Kapoor
MBA JD
OCI Card (ਇੰਡੀਆ ਦੀ ਦੋਹਰੀ ਨਾਗਰਿਕਤਾ ਹੁਣ ਸੌਖੀ)
Global Allianz
Bonded Immigration Consultants
ATUL KAPOOR
GLOBAL ALLIANZ
IMMIGRATION CONSULTANTS
US OFFICE-:
1111 W ROBINHOOD DR,
SUITE- G STOCKTON, CA -95207
PHONE-209-808-2136
Fax- 209-476-7188
ARVINDER SINGH
GLOBAL ALLIANZ
INDIA OFFICE-:
SCO 1-4, FIRST FLOOR,
SURYA COMPLEX,
LEELA BHAWAN,
PATIALA,PUNJAB.
Phone +91-9814320010

A-1 INTERIOR DECORATION INC.
BEST PRICES IN THE BAY AREA
KITCHEN CABINETS
GRANITE COUNTERTOPS
SINKS & FAUCETS
HARDWOOD & LAMINATE FLOORS
DOORS AND WINDOWS
REMODLING & NEW CONSTRUCTION
FREE ESTIMATES
CELL 510 565-6667 OFFICE 510 732-1555 FAX 510 732-0555
Visit our showroom NOW!!!
23762 FOLEY ST, SUITE # HAYWARD CA 94544

Allstate.
You're in good hands.
Avninder Singh
Insurance Specialist, CA Lic. # 0822501
Auto - Home - Life - Health - Business - Commercial
PH.(510) 441-7490
Toll free (877) 441-7490
30042 MISSION BLVD. SUITE 221 HAYWARD, CA 94544

KASH FABRICS
The Name you can Trust
26 ਸਾਲਾਂ ਤੋਂ ਹਮੇਸ਼ਾ ਤੁਹਾਡੀ ਸੇਵਾ ਵਿਚ
The Bridal Gallery...
ਵਧੀਆ ਤੋਂ ਵਧੀਆ ਡਿਜਾਇਨਸ਼, ਨਵੇਂ ਡਿਜਾਇਨਾਂ ਵਿਚ ਲਹਿੰਗੇ, ਵਰਾਇਟੀ ਸਾੜ੍ਹੀਆਂ, ਖੁੱਲੇ ਕੱਪੜੇ ਜਿਨ੍ਹਾਂ ਵਿਚ, ਪਸ਼ਮੀਨਾ ਸਿਲਕ, ਬਰੋਕਡ ਸਿਲਕ, ਤਨਛੂਈ ਸਿਲਕ, ਰਾਅ ਸਿਲਕ (Raw Silk) ਦੇ ਕਢਾਈਆਂ ਵਾਲੇ ਸੂਟ ਜਿਨ੍ਹਾਂ ਨਾਲ ਤੁਸੀਂ ਆਪਣੀ ਮਰਜੀ ਦੇ ਪਟਿਆਲਾ ਸ਼ਾਹੀ ਸੂਟ ਵੀ ਬਣਵਾ ਸਕਦੇ ਹੋ।
ਸੂਟਾਂ ਅਤੇ ਸਾੜ੍ਹੀਆਂ ਤੇ 70 ਪ੍ਰਤੀਸ਼ਤ ਸੇਲ
LARGEST SELECTION OF DVD/CD
Gurjit Kaur Dhugga
Kashmir Singh Dhugga
email : kashfabrics@gmail.com
web : www.kashfabrics.com
510-538-1138
29576 Mission Blvd Hayward, CA 94544

ਗੁਰਪਤਵੰਤ ਸਿੰਘ ਪੰਨੂੰ
ਅਟਾਰਨੀ ਐਟ ਲਾਅ
PANNUN THE LAW FIRM
ATTORNEYS & COUNSELLORS
ਇੰਮੀਗ੍ਰੇਸ਼ਨ ਲਾਅ
ਬੋਰਡ ਆਫ ਇੰਮੀਗ੍ਰੇਸ਼ਨ ਅਪੀਲਜ
9th & 2nd ਸਰਕਿਟ ਅਪੀਲਜ਼
ਡੀਪੋਰਟੇਸ਼ਨ ਪਟੀਸ਼ਨਜ
ਬੋਨਾਫਾਇਡ ਅਸਾਇਲਮ ਪਟੀਸ਼ਨਜ਼
ਸਿਟੀਜ਼ਨਸ਼ਿਪ ਅਪੀਲ
39180 Liberty Street, Suite 118, Fremont, CA 94538
510.796.9000 (Office), 510.796.9002 (Fax)

ਜਥੇਦਾਰੀ ਰਾਜ ਅਸਫਲ: ਸੁਖਬੀਰ ਦੀਆਂ ਸਭ ਸਕੀਮਾਂ ਪੁੱਠੀਆਂ ਪਈਆਂ

ਉਪ ਮੁੱਖ ਮੰਤਰੀ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਬਾਦਲ ਦੀ ਨਵੀਂ ਤਰਜ਼ ਦੀ ਪ੍ਰਸ਼ਾਸਕੀ ਪ੍ਰਣਾਲੀ ਦਾ ਉਲਟ ਅਸਰ ਹੋਣਾ ਆਰੰਭ ਹੋ ਗਿਆ ਹੈ। ਸੁਖਬੀਰ ਨੇ ਹਰ ਇਲਾਕੇ ਵਿਚ ਪਾਰਟੀ ਦੇ ਜਥੇਦਾਰਾਂ ਨੂੰ ਪ੍ਰਸ਼ਾਸਨ ਉਤੇ ਭਾਰੀ ਪਾ ਦਿੱਤਾ ਹੈ। ਪੰਜਾਬ ਵਿਚ ਸਿਆਸੀ ਬੁਰਛਾਗਰਦੀ ਦੀਆਂ ਜਿੰਨੀਆਂ ਵੀ ਘਟਨਾਵਾਂ ਸਾਹਮਣੇ ਆਈਆਂ ਹਨ, ਉਨ੍ਹਾਂ ਦੀਆਂ ਜੜ੍ਹਾਂ ਸੁਖਬੀਰ ਦੇ ਇਸ ਮਾਡਲ ਵਿਚ ਹੀ ਪਈਆਂ ਹਨ।

ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਤੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਦੀ ਪ੍ਰਸ਼ਾਸਨੀ ਸੁਧਾਰਾਂ ਦੀ ਮੁਹਿੰਮ ਦੀ ਪੋਲ ਖੁੱਲ੍ਹ ਗਈ ਹੈ। ਮੀਡੀਆ ਵਿਚ ਇਸ ਗੱਲ ਨੂੰ ਬੜੇ ਜ਼ੋਰਸ਼ੋਰ ਨਾਲ ਪ੍ਰਚਾਰਿਆ ਜਾ ਰਿਹਾ ਹੈ ਕਿ ਸ਼ ਸੁਖਬੀਰ ਬਾਦਲ ਨਵੀਂ ਤਰਜ਼ ਦੀ ਪ੍ਰਸ਼ਾਸਨੀ ਪ੍ਰਣਾਲੀ ਲਾਗੂ ਕਰ ਰਹੇ ਹਨ ਜਿਸ ਨਾਲ ਲੋਕਾਂ ਦੀ ਖੱਜਲ ਖੁਆਰੀ ਘਟੇਗੀ ਪਰ ਇਸ ਨਵੇਂ ਤਜਰਬੇ ਦੇ ਨਤੀਜੇ ਬੇਹੱਦ ਭਿਆਨਕ ਰੂਪ ਧਾਰ ਕੇ ਸਾਹਮਣੇ ਆਏ ਹਨ। ਨਵੀਂ ਪ੍ਰਸ਼ਾਸਨੀ ਪ੍ਰਣਾਲੀ ਤਹਿਤ ਸਮੁੱਚੇ ਪ੍ਰਸ਼ਾਸਨ ਨੂੰ ਕਾਨੂੰਨ ਦੀ ਥਾਂ ਪਾਰਟੀ ਆਗੂਆਂ ਦੇ ਅਧੀਨ ਕੀਤਾ ਜਾ ਰਿਹਾ ਹੈ ਜਿਸ ਨਾਲ ਸਾਰੇ ਪ੍ਰਸ਼ਾਸਨ ਦਾ ਹੱਦੋਂ ਵੱਧ ਸਿਆਸੀਕਰਨ ਹੋ ਗਿਆ ਹੈ।

ਅਫਸਰਸ਼ਾਹੀ ਦਾ ਵੱਡਾ ਹਿੱਸਾ ਇਸ ਵੇਲੇ ਅਨਪੜ੍ਹ ਜਥੇਦਾਰਾਂ ਦਾ ਮੁਥਾਜ ਬਣ ਗਿਆ ਹੈ। ਪ੍ਰਸ਼ਾਸਨ ਦਾ ਸਿਆਸੀਕਰਨ ਹੋਣ ਕਾਰਨ ਅਫਸਰ ਨਿਹੱਥੇ ਹੋ ਗਏ ਹਨ। ਅਧਿਕਾਰੀਆਂ ਤੇ ਕਰਮਚਾਰੀਆਂ ਦੀਆਂ ਤਾਇਨਾਤੀਆਂ, ਹਰ ਪੱਧਰ 'ਤੇ ਲਏ ਜਾਣ ਵਾਲੇ ਫੈਸਲੇ ਤੇ ਰੋਜ਼ਾਨਾ ਦੇ ਸਰਕਾਰੀ ਕੰਮ ਵੀ ਬਹੁਤਾ ਕਰਕੇ ਸਿਆਸੀ ਨੇਤਾਵਾਂ ਦੀ ਪ੍ਰਵਾਨਗੀ, ਇੱਛਾ ਤੇ ਮਨਜ਼ੂਰੀ ਨਾਲ ਹੀ ਕੀਤੇ ਜਾਂਦੇ ਹਨ। ਕੋਈ ਵੀ ਅਧਿਕਾਰੀ ਕਾਨੂੰਨ ਅਨੁਸਾਰ ਕੰਮ ਜਾਂ ਕਾਰਵਾਈ ਕਰਨ ਦੀ ਜੁਅਰਤ ਨਹੀਂ ਕਰ ਸਕਦਾ ਕਿਉਂਕਿ ਇਸ ਦਾ ਉਸ ਨੂੰ ਖਮਿਆਜ਼ਾ ਭੁਗਤਣਾ ਪੈ ਸਕਦਾ ਹੈ।

ਸੂਤਰਾਂ ਅਨੁਸਾਰ ਨਵੀਂ ਤਰਜ਼ ਦੀ ਪ੍ਰਸ਼ਾਸਨੀ ਪ੍ਰਣਾਲੀ ਵਿਚ ਸਮੁੱਚੇ ਸਿਵਲ ਤੇ ਪੁਲਿਸ ਪ੍ਰਸ਼ਾਸਨ ਨੂੰ ਹੇਠਾਂ ਤੱਕ ਸਿਆਸੀ ਨੇਤਾਵਾਂ ਅਧੀਨ ਕਰਨ ਦੀ ਵਿਉਂਤਬੱਧ ਯੋਜਨਾ ਲਾਗੂ ਕੀਤੀ ਗਈ ਹੈ। ਇਸ ਯੋਜਨਾ ਤਹਿਤ ਜ਼ੁਬਾਨੀ ਹੁਕਮ ਅਧੀਨ ਜ਼ਿਲ੍ਹਾ ਪੁਲਿਸ ਮੁਖੀਆਂ ਵੱਲੋਂ ਥਾਣਿਆਂ ਦੇ ਐਸ਼ਐਚ਼ਓ਼ ਤੇ ਮੁਨਸ਼ੀ ਸਿਰਫ ਵਿਧਾਇਕ ਦੇ ਕਹਿਣ ਉੱਪਰ ਹੀ ਲਾਏ ਜਾਂਦੇ ਹਨ। ਜੇਕਰ ਕਿਸੇ ਹੋਰ ਅਹਿਮ ਸ਼ਖਸੀਅਤ ਜਾਂ ਨੇਤਾ ਨੇ ਕੋਈ ਆਪਣਾ ਬੰਦਾ ਐਸ਼ਐਚ਼ਓ਼ ਲਵਾਉਣਾ ਹੋਵੇ ਤਾਂ ਵੀ ਵਿਧਾਇਕ ਰਾਹੀਂ ਸਿਫਾਰਸ਼ ਜ਼ਰੂਰੀ ਸਮਝੀ ਜਾਂਦੀ ਹੈ।

ਡੀ਼ਐਸ਼ਪੀ਼ ਦਾ ਕਾਰਜ ਖੇਤਰ ਪਹਿਲਾਂ ਸਬ ਡਵੀਜ਼ਨ ਹੁੰਦਾ ਸੀ ਪਰ ਨਵੀਂ ਤਰਜ਼ ਦੀ ਪ੍ਰਣਾਲੀ ਅਧੀਨ ਹੁਣ ਵਿਧਾਨ ਸਭਾ ਹਲਕੇ 'ਤੇ ਆਧਾਰਤ ਡੀ਼ਐਸ਼ਪੀ਼ ਦਾ ਘੇਰਾ ਮਿੱਥ ਦਿੱਤਾ ਗਿਆ ਹੈ। ਹਲਕੇ ਦਾ ਡੀ ਐਸ ਪੀ ਵੀ ਹਲਕਾ ਵਿਧਾਇਕ ਜਾਂ ਹਲਕਾ ਇੰਚਾਰਜ ਦੀ ਸਿਫਾਰਸ਼ ਨਾਲ ਹੀ ਲਗਦਾ ਹੈ। ਹਲਕਾ ਵਿਧਾਇਕ ਡੀ ਐਸ ਪੀ ਲਾਏ ਜਾਣ ਬਾਰੇ ਆਪਣੀ ਸਿਫਾਰਸ਼ ਉੱਪ ਮੁੱਖ ਮੰਤਰੀ ਦੇ ਦਫਤਰ ਭੇਜਦਾ ਹੈ ਤੇ ਉਥੋਂ ਫਿਰ ਉਸ ਦੀ ਤਾਇਨਾਤੀ ਦੇ ਹੁਕਮ ਜਾਰੀ ਹੁੰਦੇ ਹਨ। ਇਸੇ ਤਰ੍ਹਾਂ ਐਸ਼ਡੀ਼ਐਮ਼ ਵੀ ਵਿਧਾਇਕ ਜਾਂ ਹਲਕਾ ਇੰਚਾਰਜ ਦੇ ਕਹਿਣ ਉੱਪਰ ਹੀ ਲਾਏ ਜਾਂਦੇ ਹਨ।

ਅਧਿਕਾਰੀਆਂ ਦਾ ਕਹਿਣਾ ਹੈ ਕਿ ਉਹ ਤਾਂ ਮਰਜ਼ੀ ਜਾਂ ਨਿਯਮ ਅਨੁਸਾਰ ਪਟਵਾਰੀ ਵੀ ਨਹੀਂ ਲਾ ਸਕਦੇ। ਵਿਧਾਇਕਾਂ ਤੇ ਆਗੂਆਂ ਦੀ ਸਿਫਾਰਸ਼ ਉੱਪਰ ਹੀ ਪਟਵਾਰੀ ਤੇ ਹੋਰ ਕਰਮਚਾਰੀ ਲਾਏ ਜਾਂਦੇ ਹਨ। ਤਹਿਸੀਲਦਾਰਾਂ ਤੇ ਹੋਰ ਵਿਭਾਗਾਂ ਦੇ ਅਮਲੇ-ਫੈਲੇ ਦੀ ਬਦਲੀ ਤੇ ਨਿਯੁਕਤੀ ਵਿਚ ਵੀ ਅਜਿਹਾ ਹੀ ਕੁਝ ਹੁੰਦਾ ਹੈ। ਹਾਲਾਤ ਇਹ ਬਣ ਗਏ ਹਨ ਕਿ ਹੁਣ ਤਾਂ ਹਰ ਮਹਿਕਮੇ ਦੇ ਅਧਿਕਾਰੀ ਹਲਕਾ ਵਿਧਾਇਕ ਜਾਂ ਇੰਚਾਰਜ ਦੀ ਮਨਜ਼ੂਰੀ ਨਾਲ ਹੀ ਲੱਗਣ ਲੱਗੇ ਹਨ। ਵਿਧਾਇਕਾਂ ਦੇ ਕਹਿਣ ਉੱਪਰ ਲੱਗੇ ਹੋਣ ਕਾਰਨ ਉਹ ਜ਼ਿਲ੍ਹਾ ਪੁਲਿਸ ਮੁਖੀ ਦੀ ਥਾਂ ਵਿਧਾਇਕਾਂ ਨੂੰ ਵਧੇਰੇ ਤਰਜੀਹ ਦਿੰਦੇ ਹਨ। ਸਿਵਲ ਪ੍ਰਸ਼ਾਸਨ ਵਿਚ ਵੀ ਕੋਈ ਦਿਵਾਨੀ ਜਾਂ ਹੋਰ ਮਾਮਲਾ ਨਜਿੱਠਣ ਲਈ ਐਸ਼ਡੀ਼ਐਮਜ਼, ਡਿਪਟੀ ਕਮਿਸ਼ਨਰ ਤੇ ਡਵੀਜ਼ਨਲ ਕਮਿਸ਼ਨਰਾਂ ਨੂੰ ਹਦਾਇਤ ਹੈ ਕਿ ਵਿਧਾਇਕ ਜਾਂ ਹਲਕਾ ਇੰਚਾਰਜ ਦੀ ਇੱਛਾ ਅਨੁਸਾਰ ਕੀਤਾ ਜਾਵੇ।

ਇੱਥੋਂ ਤੱਕ ਕਿ ਕਿਸੇ ਨੂੰ ਪਿੰਡ ਦਾ ਨੰਬਰਦਾਰ ਬਣਾਉਣਾ ਹੈ ਜਾਂ ਮੁਅੱਤਲ ਕਰਨਾ ਹੈ, ਪੰਚਾਇਤ ਦੇ ਸਰਪੰਚ ਜਾਂ ਮੈਂਬਰ ਨੂੰ ਮੁਅੱਤਲ ਕਰਨਾ ਹੈ ਜਾਂ ਬਹਾਲ, ਸਭ ਵਿਧਾਇਕ ਜਾਂ ਇੰਚਾਰਜ ਦੇ ਕਹਿਣ ਉੱਪਰ ਹੀ ਹੁੰਦਾ ਹੈ। ਪ੍ਰਸ਼ਾਸਨਿਕ ਅਧਿਕਾਰੀਆਂ ਕੋਲ ਜੇਕਰ ਕੋਈ ਮਾਮਲਾ ਆਉਂਦਾ ਹੈ ਤਾਂ ਉਹ ਮੈਰਿਟ ਜਾਂ ਕਾਨੂੰਨ ਅਨੁਸਾਰ ਕੰਮ ਕਰਨ ਦੀ ਬਜਾਏ ਵਿਧਾਇਕ ਜਾਂ ਇੰਚਾਰਜ ਨੂੰ ਫੋਨ ਖੜਕਾਉਂਦਾ ਹੈ। ਥਾਣਿਆਂ ਵਿਚ ਕੇਸ ਦਰਜ ਕਰਨ ਤੇ ਝਗੜਿਆਂ ਦੇ ਨਿਬੇੜੇ ਲਈ ਵੀ ਵਿਧਾਇਕਾਂ ਦੀ ਰਜ਼ਾਮੰਦੀ ਪਹਿਲੋਂ ਲਈ ਜਾਂਦੀ ਹੈ। ਪੰਜਾਬ ਵਿਚ ਇਸ ਵੇਲੇ ਅਮਨ ਕਾਨੂੰਨ ਦੀ ਹਾਲਤ ਬੇਹੱਦ ਖਸਤਾ ਹੈ ਪਰ ਉੱਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਦਾ ਕਹਿਣਾ ਹੈ ਕਿ ਰਾਜ ਵਿਚ ਸਭ ਕੁਝ ਠੀਕ ਠਾਕ ਹੈ। ਲੰਘੇ ਦਿਨੀਂ ਪੰਜਾਬ ਵਿਧਾਨ ਸਭਾ ਵਿਚ ਰਾਜ ਦੀ ਅਮਨ ਕਾਨੂੰਨ ਦੀ ਸਥਿਤੀ 'ਤੇ ਹੋਈ ਬਹਿਸ ਦੌਰਾਨ ਸ਼ ਸੁਖਬੀਰ ਸਿੰਘ ਬਾਦਲ ਨੇ ਕੌਮੀ ਦਾਅਵਾ ਕੀਤਾ ਕਿ ਭਾਰਤ ਸਰਕਾਰ ਦੇ ਆਪਣੇ ਅੰਕੜਿਆਂ ਅਨੁਸਾਰ ਪੰਜਾਬ ਅਮਨ ਕਾਨੂੰਨ ਪੱਖੋਂ ਦੇਸ਼ ਦੇ ਬਹੁਤ ਸਾਰੇ ਰਾਜਾਂ ਨਾਲੋਂ ਅੱਗੇ ਹੈ ਤੇ ਰਾਜ ਵਿਚ ਮਗਰਲੇ ਪੰਜ ਸਾਲਾਂ ਦੌਰਾਨ ਅਪਰਾਧਿਕ ਕਾਰਵਾਈਆਂ ਵਿਚ ਵੱਡੀ ਕਮੀ ਆਈ ਹੈ। ਉਨ੍ਹਾਂ ਦੱਸਿਆ ਕਿ ਭਾਰਤ ਸਰਕਾਰ ਦੇ ਕੌਮੀ ਕਰਾਈਮ ਰਿਕਾਰਡ ਬਿਊਰੋ ਅਨੁਸਾਰ ਕਾਂਗਰਸ ਦੇ ਪੰਜਾਬ ਵਿਚ ਕਾਰਜਕਾਲ ਦੌਰਾਨ 2002 ਤੋਂ 2006 ਤੱਕ ਰਾਜ ਵਿਚ ਅਪਰਾਧਿਕ ਵਾਰਦਾਤਾਂ ਵਿਚ 18.2 ਪ੍ਰਤੀਸ਼ਤ ਦਾ ਵਾਧਾ ਹੋਇਆ, ਜਦੋਂਕਿ 2006 ਤੋਂ 2011 ਤੱਕ ਅਕਾਲੀ-ਭਾਜਪਾ ਸਰਕਾਰ ਦੇ ਕਾਰਜਕਾਲ ਦੌਰਾਨ ਅਪਰਾਧਿਕ ਘਟਨਾਵਾਂ ਵਿਚ 4.8 ਪ੍ਰਤੀਸ਼ਤ ਦੀ ਕਮੀ ਆਈ ਹੈ। ਉਨ੍ਹਾਂ ਕਿਹਾ ਕਿ ਕੌਮੀ ਬਿਊਰੋ ਵੱਲੋਂ ਦਰਸਾਏ ਅੰਕੜਿਆਂ ਅਨੁਸਾਰ ਪੰਜਾਬ ਵਿਚ ਔਰਤਾਂ ਵਿਰੁੱਧ ਵੀ ਅਪਰਾਧਾਂ ਵਿਚ ਕਮੀ ਆਈ ਹੈ ਜਦੋਂਕਿ ਅਨੁਸੂਚਿਤ ਜਾਤਾਂ ਵਿਰੁੱਧ ਅਪਰਾਧ ਪੰਜਾਬ ਵਿਚ ਸਭ ਤੋਂ ਘੱਟ ਹਨ। ਉਨ੍ਹਾਂ ਦੱਸਿਆ ਕਿ 2011 ਦੌਰਾਨ ਪੰਜਾਬ ਵਿਚ ਅਨੁਸੂਚਿਤ ਜਾਤਾਂ ਵਿਰੁੱਧ 90 ਕੇਸ ਦਰਜ ਹੋਏ ਜਦੋਂਕਿ ਰਾਜਸਥਾਨ ਵਿਚ 5100, ਯੂਪੀ਼ 7702 ਤੇ ਹਰਿਆਣਾ ਵਿਚ 400 ਕੇਸ ਦਰਜ ਹੋਏ।

ਪੰਜਾਬ ਦੀ ਅਕਾਲੀ-ਭਾਜਪਾ ਸਰਕਾਰ ਦੀ ਆਪਣੀ ਆਗੂ ਨੇ ਹੀ ਸਰਕਾਰੀ ਨਕਾਮੀਆਂ ਦੀ ਪੋਲ ਖੋਲ੍ਹੀ ਹੈ। ਪੰਜਾਬ ਦੀ ਮੁੱਖ ਸੰਸਦੀ ਸਕੱਤਰ ਡ਼ਾ ਨਵਜੋਤ ਕੌਰ ਸਿੱਧੂ ਦਾ ਕਹਿਣਾ ਹੈ ਸਰਕਾਰੀ ਵਿਭਾਗਾਂ ਵਿਚ ਕੋਈ ਤਾਲਮੇਲ ਨਾ ਹੋਣ ਕਾਰਨ ਹੇਠਲੇ ਪੱਧਰ 'ਤੇ ਹਾਲਾਤ ਵਿਸਫੋਟਕ ਬਣੇ ਹੋਏ ਹਨ। ਉਨ੍ਹਾਂ ਮੰਗ ਕੀਤੀ ਕਿ ਵੱਡੇ ਅਹੁਦਿਆਂ 'ਤੇ ਬੈਠੇ ਲੋਕ ਨੁਮਾਇੰਦਿਆਂ ਜਿਨ੍ਹਾਂ ਦੀ ਕਾਰ-ਗੁਜ਼ਾਰੀ ਤਸੱਲੀਬਖ਼ਸ਼ ਨਹੀਂ ਹੈ, ਨੂੰ ਤੁਰੰਤ ਅਹੁਦਿਆਂ ਤੋਂ ਲਾਂਭੇ ਕਰ ਦੇਣਾ ਚਾਹੀਦਾ ਹੈ। ਬੀਬੀ ਸਿੱਧੂ ਨੇ ਕਿਹਾ ਕਿ ਅਜੋਕਾ ਸਮਾਂ ਅਜਿਹਾ ਹੈ ਜਦੋਂ ਲੋਕ ਨੁਮਾਇੰਦਿਆਂ ਦੀ ਜਵਾਬਦੇਹੀ ਵੀ ਬਣਾਈ ਜਾਣੀ ਚਾਹੀਦੀ ਹੈ। ਡ਼ਾ ਸਿੱਧੂ ਨੇ ਕਿਹਾ ਕਿ ਮੰਤਰੀਆਂ, ਮੁੱਖ ਸੰਸਦੀ ਸਕੱਤਰਾਂ, ਵਿਧਾਇਕਾਂ, ਬੋਰਡਾਂ ਨਿਗਮਾਂ ਦੇ ਚੇਅਰਮੈਨਾਂ ਤੇ ਹੋਰ ਜਨਤਕ ਨੁਮਾਇੰਦਿਆਂ ਵਿਚ ਕਈ ਅਜਿਹੇ ਹਨ ਜਿਨ੍ਹਾਂ ਨੇ ਸਰਕਾਰੀ ਸਹੂਲਤਾਂ ਦਾ ਆਨੰਦ ਤਾਂ ਮਾਣਿਆ ਪਰ ਆਪਣੀ ਡਿਊਟੀ ਨਹੀਂ ਨਿਭਾਈ। ਉਨ੍ਹਾਂ ਕਿਹਾ ਕਿ ਸਰਕਾਰੀ ਖ਼ਜ਼ਾਨੇ ਵਿਚੋਂ ਤਨਖ਼ਾਹਾਂ ਤੇ ਸਹੂਲਤਾਂ ਲੈਣ ਵਾਲਿਆਂ ਦੀ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਲਗਾਤਾਰ ਰਿਪੋਰਟ ਲੈਣ ਤੇ ਉਸ ਦਾ ਮੁਲਾਂਕਣ ਕਰਨ। ਇਸ ਮੰਗ ਨੂੰ ਲੈ ਕੇ ਇਸ ਮੁੱਖ ਸੰਸਦੀ ਸਕੱਤਰ ਨੇ ਮੁੱਖ ਮੰਤਰੀ ਨਾਲ ਮੁਲਾਕਾਤ ਵੀ ਕੀਤੀ।

ਡ਼ਾ ਸਿੱਧੂ ਨੇ ਮੁੱਖ ਮੰਤਰੀ ਨੂੰ ਕਿਹਾ ਕਿ ਉਹ ਹਰ ਮਹੀਨੇ ਮੰਤਰੀਆਂ, ਮੁੱਖ ਸੰਸਦੀ ਸਕੱਤਰਾਂ, ਵਿਧਾਇਕਾਂ, ਚੇਅਰਮੈਨਾਂ ਤੇ ਹੋਰਾਂ ਦੇ ਕੰਮ ਦੀ ਸਮੀਖਿਆ ਕਰਨ ਤੇ ਉਨ੍ਹਾਂ ਤੋਂ ਪੁੱਛਣ ਕਿ ਜਨਤਕ ਨੁਮਾਇੰਦਿਆਂ ਨੇ ਆਪੋ ਆਪਣੇ ਵਿਭਾਗਾਂ ਜਾਂ ਵਿਧਾਨ ਸਭਾ ਹਲਕਿਆਂ ਵਿਚ ਜਨਤਾ ਲਈ ਕਿਹੜੇ ਕਿਹੜੇ ਕੰਮ ਕੀਤੇ। ਉਨ੍ਹਾਂ ਕਿਹਾ ਕਿ ਸਰਕਾਰੀ ਖ਼ਜ਼ਾਨੇ ਵਿੱਚੋਂ ਤਨਖ਼ਾਹਾਂ ਤੇ ਸਹੂਲਤਾਂ ਤਾਂ ਸਾਰੇ ਲੈ ਰਹੇ ਪਰ ਬਹੁ ਗਿਣਤੀ ਜਨਤਕ ਨੁਮਾਇੰਦੇ ਡੱਕਾ ਨਹੀਂ ਤੋੜਦੇ। ਉਨ੍ਹਾਂ ਕਿਹਾ ਕਿ ਜੇਕਰ ਸਰਕਾਰੀ ਅਧਿਕਾਰੀਆਂ ਦੀ ਜਵਾਬਦੇਹੀ ਹੋ ਸਕਦੀ ਹੈ ਤਾਂ ਲੋਕ ਨੁਮਾਇੰਦਿਆਂ ਦੀ ਕਿਉਂ ਨਹੀਂ? ਉਨ੍ਹਾਂ ਕਿਹਾ ਕਿ ਸਮੇਂ ਮੁਤਾਬਕ ਸਭ ਦੀ ਜਵਾਬਦੇਹੀ ਹੋਣੀ ਚਾਹੀਦੀ ਹੈ। ਉਨ੍ਹਾਂ ਇਹ ਵੀ ਐਲਾਨ ਕੀਤਾ ਕਿ ਸਿਹਤ ਵਿਭਾਗਾਂ ਵਿਚ ਡਾਕਟਰਾਂ ਨੂੰ ਪ੍ਰਾਈਵੇਟ ਪ੍ਰੈਕਟਿਸ ਤੇ ਸਰਕਾਰੀ ਹਸਪਤਾਲਾਂ ਵਿਚ ਗੈਰ ਕਾਨੂੰਨੀ ਤੌਰ 'ਤੇ ਬਣਾਏ ਜਾਂਦੇ ਪੁਲਿਸ ਕੇਸਾਂ ਜਿਨ੍ਹਾਂ ਵਿਚ ਸਿਆਸਤਦਾਨਾਂ ਦੀ ਸ਼ਮੂਲੀਅਤ ਵੀ ਹੁੰਦੀ ਹੈ, ਦੇ ਘਪਲੇ ਨੂੰ ਨਸ਼ਰ ਕਰਨ ਲਈ ਸਟਿੰਗ ਅਪਰੇਸ਼ਨ ਕੀਤੇ ਜਾਣਗੇ। ਇਹ ਮੁੱਖ ਸੰਸਦੀ ਸਕੱਤਰ ਸਟਿੰਗ ਅਪਰੇਸ਼ਨ ਕਰਨ ਕਾਰਨ ਸਿਹਤ ਮੰਤਰੀ ਮਦਨ ਮੋਹਨ ਮਿੱਤਲ ਨਾਲ ਟਕਰਾਅ ਚਰਚਾ ਵਿਚ ਹੈ। ਉਨ੍ਹਾਂ ਕਿਹਾ ਕਿ ਸਟਿੰਗ ਅਪਰੇਸ਼ਨ ਜਾਰੀ ਰਹਿਣਗੇ ਤੇ ਇਸ ਲਈ ਕੋਈ ਨਾਰਾਜ਼ ਹੁੰਦਾ ਹੈ ਤਾਂ ਉਸ ਦੀ ਕੋਈ ਪ੍ਰਵਾਹ ਨਹੀਂ। ਡ਼ਾ ਸਿੱਧੂ ਨੇ ਸਰਕਾਰੀ ਹਸਪਤਾਲਾਂ ਦੇ ਐਮਰਜੈਂਸੀ ਵਾਰਡਾਂ ਵਿਚ ਪੁਲਿਸ ਕੇਸ ਬਣਾਉਣ ਲਈ ਹਸਪਤਾਲਾਂ ਵਿਚ ਹਮਲੇ, ਸਿਆਸਤਦਾਨਾਂ, ਪੁਲਿਸ ਤੇ ਅਪਰਾਧੀਆਂ ਦਾ ਗੱਠਜੋੜ ਬਣਿਆ ਹੋਇਆ ਹੈ। ਉਨ੍ਹਾਂ ਕਿਹਾ ਕਿ ਇਸ ਗੱਠਜੋੜ ਨੂੰ ਤੋੜਨ ਲਈ ਸਟਿੰਗ ਅਪਰੇਸ਼ਨ ਕੀਤੇ ਜਾਣਗੇ। ਮੁੱਖ ਸੰਸਦੀ ਸਕੱਤਰ ਨੇ ਕਿਹਾ ਕਿ ਹਸਪਤਾਲਾਂ ਵਿਚ ਤਕੜੇ ਦਾ ਸੱਤੀ ਵੀਹੀਂ ਸੌ ਵਾਲੀ ਕਹਾਵਤ ਬਣਿਆ ਹੋਇਆ ਹੈ।

ਮੋਗਾ ਜ਼ਿਮਨੀ ਚੋਣ: ਅਕਾਲੀ ਦਲ ਬਾਦਲ, ਕਾਂਗਰਸ ਤੇ ਪੀ.ਪੀ.ਪੀ ਲਈ ਪ੍ਰੀਖਿਆ ਦੀ ਘੜੀ

ਮੋਗਾ ਜ਼ਿਮਨੀ ਚੋਣ ਨੇ ਪੰਜਾਬ ਦੇ ਸ਼ਾਂਤ ਪਏ ਸਿਆਸੀ ਮਾਹੌਲ ਨੂੰ ਇਕ ਵਾਰ ਫਿਰ ਗਰਮਾ ਦਿੱਤਾ ਹੈ ਅਤੇ ਇਸ ਚੋਣ ਨੇ ਇਕ ਵਾਰ ਫਿਰ ਪ੍ਰਮੁੱਖ ਰਵਾਇਤੀ ਵਿਰੋਧੀ ਪਾਰਟੀਆਂ ਸ਼੍ਰੋਮਣੀ ਅਕਾਲੀ ਦਲ-ਭਾਜਪਾ ਗੱਠਜੋੜ ਅਤੇ ਕਾਂਗਰਸ ਨੂੰ ਇਕ ਦੂਸਰੇ ਦੇ ਆਹਮੋ ਸਾਹਮਣੇ ਲਿਆ ਖੜ੍ਹਾ ਕੀਤਾ ਹੈ । ਸਿਆਸਤ ਦੀ ਸ਼ਤਰੰਜ ਦੇ ਮਾਹਿਰ ਮੰਨੇ ਜਾਂਦੇ ਜੋਗਿੰਦਰਪਾਲ ਜੈਨ ਨੇ ਦੋ ਵਾਰ ਕਾਂਗਰਸ ਦੀ ਸੀਟ ਤੋਂ ਜਿੱਤਣ ਉਪਰੰਤ ਜੋ ਅਸਤੀਫਾ ਦੇ ਕੇ ਸ਼੍ਰੋਮਣੀ ਅਕਾਲੀ ਦਲ ਵਿਚ ਸ਼ਮੂਲੀਅਤ ਕਰਕੇ ਦਾਅ ਖੇਡਿਆ ਹੈ ਉਸ ਨੇ ਇਕ ਵਾਰ ਤਾਂ ਹਰ ਇਕ ਦੇ ਦੰਦਾਂ ਹੇਠ ਜੀਭ ਲਿਆ ਦਿੱਤੀ, ਪਰ ਉਨ੍ਹਾਂ ਵੱਲੋਂ ਖੇਡਿਆ ਗਿਆ ਇਹ ਸਿਆਸੀ ਪੱਤਾ ਉਨ੍ਹਾਂ ਦੇ ਹੱਕ 'ਚ ਜਾਂਦਾ ਹੈ ਜਾਂ ਬਾਜ਼ੀ ਵਿਰੋਧੀਆਂ ਦੇ ਹੱਥ ਜਾਂਦੀ ਹੈ ਇਹ ਤਾਂ 23 ਫਰਵਰੀ ਤੋਂ ਬਾਅਦ ਚੋਣ ਨਤੀਜਾ ਆਉਣ 'ਤੇ ਹੀ ਪਤਾ ਲੱਗਾ ਹੈ ਕਿਉਂਕਿ ਮੋਗਾ ਦੇ 1 ਲੱਖ 78 ਹਜ਼ਾਰ 320 ਵੋਟਰ ਕਿਸ ਤਰ੍ਹਾਂ ਦੀ ਸੋਚ ਲੈ ਕੇ ਚੋਣ ਬੂਥਾਂ 'ਤੇ ਜਾਣਗੇ ਇਹ ਅੰਦਾਜ਼ਾ ਲਾਉਣਾ ਹੁਣ ਔਖਾ ਹੀ ਨਹੀਂ ਬਲਕਿ ਨਾਮੁਮਕਿਨ ਹੈ ਕਿਉਂਕਿ ਵੋਟਰ ਵੀ ਹੁਣ ਸਿਆਸਤ ਦੀ ਚੰਗੀ ਸਮਝ ਰੱਖਣ ਲੱਗ ਪਏ ਹਨ । ਇਸ ਜ਼ਿਮਨੀ ਚੋਣ ਦੌਰਾਨ ਅਕਾਲੀ-ਭਾਜਪਾ ਗੱਠਜੋੜ ਵੱਲੋਂ ਜੋਗਿੰਦਰਪਾਲ ਜੈਨ ਨੂੰ ਅਤੇ ਕਾਂਗਰਸ ਵੱਲੋਂ ਵਿਜੇ ਸਾਥੀ ਨੂੰ ਮੈਦਾਨ ਵਿਚ ਉਤਾਰਨ ਨਾਲ ਇਨ੍ਹਾਂ ਦੋਵਾਂ ਸਿਆਸੀ ਆਗੂਆਂ ਦਾ ਸਿਆਸੀ ਭਵਿੱਖ ਦਾਅ 'ਤੇ ਲੱਗ ਗਿਆ ਹੈ । ਅਕਾਲੀ-ਭਾਜਪਾ ਗਠਜੋੜ ਅਤੇ ਕਾਂਗਰਸ ਨੇ ਸ਼ਹਿਰੀ ਵੋਟਰਾਂ ਨੂੰ ਲੁਭਾਉਣ ਲਈ ਜਿਥੇ ਹਿੰਦੂ ਉਮੀਦ-ਵਾਰਾਂ ਨੂੰ ਚੋਣ ਮੈਦਾਨ ਵਿਚ ਉਤਾਰਿਆ ਹੈ ਉਥੇ ਪੇਂਡੂ ਵੋਟਰ ਇਸ ਇਨ੍ਹਾਂ ਉਮੀਦਵਾਰਾਂ ਨੂੰ ਕਿਸ ਨਜ਼ਰ ਨਾਲ ਦੇਖੇਗਾ ਇਹ ਬੇਹੱਦ ਦਿਲਚਸਪ ਹੋਵੇਗਾ ਕਿਉਂਕਿ ਪੇਂਡੂ ਵੋਟਰ ਵੀ ਇਸ ਸੀਟ 'ਤੇ ਜਿੱਤ ਹਾਰ ਦਾ ਫੈਸਲਾ ਕਰਨ ਦਾ ਮਾਦਾ ਰੱਖਦੇ ਹਨ । ਬੇਸ਼ੱਕ ਅਕਾਲੀ-ਭਾਜਪਾ ਅਤੇ ਕਾਂਗਰਸ ਇਸ ਚੋਣ ਨੂੰ ਲੈ ਕੇ ਪਾਰਟੀ ਵਿਚ ਸਭ ਅੱਛਾ ਹੋਣ ਦਾ ਦਮ ਭਰ ਰਹੀਆਂ ਹਨ ਪਰ ਲੋਕ ਚਰਚਾ ਵਿਚ ਦੋਵਾਂ ਉਮੀਦਵਾਰਾਂ ਲਈ ਮਾਹੌਲ ਸਾਜਗਾਰ ਨਹੀਂ ।

ਬੇਸ਼ੱਕ ਕਾਂਗਰਸ ਵੱਲੋਂ ਆਪਣੇ ਉਮੀਦਵਾਰ ਦਾ ਐਲਾਨ ਦੇਰੀ ਨਾਲ ਕੀਤਾ ਗਿਆ ਹੈ ਪਰ ਪੰਜਾਬ ਪ੍ਰਦੇਸ਼ ਕਾਂਗਰਸ ਦੇ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਅਤੇ ਹੋਰ ਸੀਨੀਅਰ ਲੀਡਰਸ਼ਿਪ ਦੀਆਂ ਫੇਰੀਆਂ ਨੇ ਇਸ ਦੇਰੀ ਨੂੰ ਕੁਝ ਹੱਦ ਤੱਕ ਦੂਰ ਕਰ ਦਿੱਤਾ ਹੈ । ਇਸ ਜ਼ਿਮਨੀ ਚੋਣ ਵਿਚ ਸਾਂਝੇ ਮੋਰਚੇ ਵੱਲੋਂ ਪੀ. ਪੀ. ਪੀ. ਦੇ ਚੋਣ ਮੈਦਾਨ ਵਿਚ ਉਤਾਰੇ ਗਏ ਉਮੀਦਵਾਰ ਡਾ: ਰਵਿੰਦਰ ਸਿੰਘ ਧਾਲੀਵਾਲ ਪਹਿਲਾਂ ਵੀ ਇਸ ਹਲਕੇ ਤੋਂ ਚੋਣ ਲੜ ਚੁੱਕੇ ਹਨ ਜੋ 10 ਹਜ਼ਾਰ ਦੇ ਕਰੀਬ ਵੋਟਾਂ ਲਿਜਾਣ 'ਚ ਸਫਲ ਰਹੇ ਸਨ ਅਤੇ ਅਕਾਲੀ-ਭਾਜਪਾ ਉਮੀਦਵਾਰ ਦੀ ਹਾਰ ਦਾ ਕਾਰਨ ਉਨ੍ਹਾਂ ਨੂੰ ਹੀ ਮੰਨਿਆਂ ਜਾ ਰਿਹਾ ਸੀ ।

ਇਸ ਲਈ ਇਸ ਵਾਰ ਵੀ ਪੀ. ਪੀ. ਪੀ. ਇਸ ਜ਼ਿਮਨੀ ਚੋਣ ਦੇ ਸਮੀਕਰਨ ਬਦਲ ਸਕਦੀ ਹੈ । ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਵੱਲੋਂ ਨਵਤੇਜ ਸਿੰਘ ਹਨੀ ਨੂੰ ਮੈਦਾਨ ਵਿਚ ਉਤਾਰਿਆ ਗਿਆ ਹੈ ਜਿਨ੍ਹਾਂ ਨੂੰ ਕਈ ਧਾਰਮਿਕ ਸੰਸਥਾਵਾਂ ਦਾ ਸਮਰਥਨ ਹਾਸਲ ਹੈ ਅਤੇ ਸ਼੍ਰੋਮਣੀ ਅਕਾਲੀ ਦਲ 1920 ਵੱਲੋਂ ਜਥੇ: ਬੂਟਾ ਸਿੰਘ ਰਣਸੀਂਹ ਟਿਕਟ ਦੇ ਪ੍ਰਮੁੱਖ ਦਾਅਵੇਦਾਰ ਹਨ । ਉਨ੍ਹਾਂ ਦਾ ਵੀ ਚੰਗਾ ਸਿਆਸੀ ਅਸਰ ਰਸੂਖ ਹੈ । ਇਸ ਲਈ ਇਹ ਦੋਵੇਂ ਪਾਰਟੀਆਂ ਵੀ ਆਪਣੀ ਹੋਂਦ ਦਾ ਅਹਿਸਾਸ ਕਰਵਾਉਣ ਵਿਚ ਕਾਮਯਾਬ ਰਹਿਣਗੀਆਂ ।

ਕੁਲ ਮਿਲਾ ਕੇ ਜੇਕਰ ਸਮੁੱਚੀ ਸਥਿਤੀ 'ਤੇ ਨਜ਼ਰ ਮਾਰੀ ਜਾਵੇ ਤਾਂ ਆਉਣ ਵਾਲੇ ਦਿਨਾਂ ਵਿਚ ਦੋਵਾਂ ਪ੍ਰਮੁੱਖ ਸਿਆਸੀ ਧਿਰਾਂ ਅਕਾਲੀ ਦਲ, ਭਾਜਪਾ ਅਤੇ ਕਾਂਗਰਸ ਦੀ ਲੀਡਰਸ਼ਿਪ ਕਿਸ ਤਰ੍ਹਾਂ ਲੋਕਾਂ ਤੱਕ ਪਹੁੰਚ ਬਣਾਉਂਦੀ ਹੈ ਅਤੇ ਪੀ. ਪੀ. ਪੀ. ਕਿਸ ਹੱਦ ਤੱਕ ਲੋਕਾਂ ਨੂੰ ਆਪਣੀ ਗੱਲ ਸਮਝਾਉਣ ਵਿਚ ਕਾਮਯਾਬ ਰਹਿੰਦੀ ਹੈ, 'ਤੇ ਹੀ ਚੋਣ ਨਤੀਜਾ ਨਿਰਭਰ ਕਰੇਗਾ ਅਤੇ ਕੁਝ ਹੱਦ ਤੱਕ ਜਿੱਤ ਹਾਰ ਦੀਆਂ ਕਿਆਸ ਅਰਾਈਆਂ ਲਾਈਆਂ ਜਾ ਸਕਣਗੀਆਂ।

ਮਹਿੰਗਾਈ ਕਾਰਨ ਹੁਣ ਵਿਆਹਾਂ ਮੌਕੇ ਲਾੜੀਆਂ ਨੇ ਪਾਉਣੇ ਸ਼ੁਰੂ ਕੀਤੇ ਨਕਲੀ ਗਹਿਣੇ

ਨਵੀਂ ਦਿੱਲੀ- ਵਿਆਹ ਅਤੇ ਲਾੜੀ ਦਾ ਜ਼ਿਕਰ ਹੁੰਦਿਆਂ ਹੀ ਸਭ ਦੇ ਮਨਾਂ ਵਿਚ ਗਹਿਣਿਆਂ ਦਾ ਖਿਆਲ ਜ਼ਰੂਰ ਆਉਂਦਾ ਹੈ, ਜੋ ਸਚਾਈ ਵੀ ਹੈ। ਪਰ ਸਮੇਂ ਦੇ ਨਾਲ ਇਹ ਸਚਾਈ ਹੁਣ ਬਦਲਣ ਲੱਗ ਪਈ ਹੈ। ਸੋਨੇ ਦੀਆਂ ਕੀਮਤਾਂ ਵਿਚ ਰਿਕਾਰਡ ਵਾਧੇ ਦਾ ਅਸਰ ਵੇਖੋ ਕਿ ਹੁਣ ਦੁਲਹਨਾਂ ਵਿਆਹਾਂ ਮੌਕੇ ਅਸਲ ਸੋਨੇ ਦੀ ਥਾਂ ਨਕਲੀ ਗਹਿਣੇ ਪਹਿਨਣ ਦੀਆਂ ਤਿਆਰੀਆਂ ਕਰ ਰਹੀਆਂ ਹਨ। ਕੋਲਕਾਤਾ ਦੀ ਇਕ ਫੈਸ਼ਨ ਡਿਜ਼ਾਇਨਰ ਆਸ਼ਿਮਾ ਲਹਿਰੀ, ਜਿਸ ਦਾ ਵਿਆਹ ਦਸੰਬਰ ਮਹੀਨੇ ਹੋਇਆ ਹੈ, ਦਾ ਕਹਿਣਾ ਹੈ ਕਿ ਸੋਨੇ ਦੀਆਂ ਕੀਮਤਾਂ ਦੇ ਰਿਕਾਰਡ ਨੂੰ ਵੇਖਦਿਆਂ ਨਕਲੀ ਗਹਿਣੇ ਪਹਿਨਣਾ ਹੀ ਸਮਝਦਾਰੀ ਹੈ ਕਿਉਂਕਿ ਇਹਨਾਂ ਉਤੇ ਕੇਵਲ 10 ਫੀਸਦੀ ਹੀ ਖਰਚਾ ਆਉਂਦਾ ਹੈ। ਉਹਨਾਂ ਕਿਹਾ ਕਿ ਸੋਨੇ ਦੀ ਕੀਮਤ ਇਸ ਵੇਲੇ ਬਹੁਤ ਜ਼ਿਆਦਾ ਹੈ। ਇੰਨੀ ਕਿ ਉਸ ਨੂੰ ਛੋਹਣਾ ਵੀ ਮਹਿੰਗਾ ਜਾਪਦਾ ਹੈ। ਉਹਨਾਂ ਕਿਹਾ ਕਿ ਉਹਨਾਂ ਨੂੰ ਆਪਣੇ ਵਿਆਹ ਮੌਕੇ ਦੋ-ਢਾਈ ਲੱਖ ਰੁਪਏ ਗਹਿਣਿਆਂ ਉਤੇ ਖਰਚ ਕਰਨ ਦੀ ਥਾਂ 15 ਕੁ ਹਜ਼ਾਰ ਰੁਪਏ ਦੇ ਨਕਲੀ ਗਹਿਣੇ ਪਹਿਨਣਾ ਹੀ ਸਮਝਦਾਰੀ ਦਾ ਕੰਮ ਜਾਪਿਆ ਸੀ। ਸ੍ਰੀਮਤੀ ਲਹਿਰੀ ਅਜਿਹੀ ਸੋਚ ਵਾਲੇ ਇਕੱਲੇ ਵਿਅਕਤੀ ਨਹੀਂ ਹਨ। ਭਾਰਤ ਵਿਚ ਅਨੇਕਾਂ ਵਿਅਕਤੀ ਹੁਣ ਨਕਲੀ ਗਹਿਣਿਆਂ ਵੱਲ ਨੂੰ ਜਾ ਰਹੇ ਹਨ। ਦੁਨੀਆਂ ਵਿਚ ਸਭ ਤੋਂ ਵੱਧ ਸੋਨੇ ਦੀ ਖਰੀਦ ਕਰਨ ਵਾਲੇ ਭਾਰਤੀ ਹੁੰਦੇ ਹਨ। ਵਿਸ਼ਵ ਆਰਥਿਕ ਸੰਕਟ ਅਤੇ ਡਾਲਰ ਦੇ ਮੁਕਾਬਲੇ ਰੁਪਏ ਦੀ ਕਮਜ਼ੋਰੀ ਨੇ ਕੁਝ ਦਿਨ ਪਹਿਲਾਂ ਸੋਨੇ ਨੂੰ 31,800 ਰੁਪਏ ਪ੍ਰਤੀ ਤੋਲਾ ਦੇ ਪਾਰ ਭੇਜ ਦਿੱਤਾ ਸੀ, ਹੁਣ ਭਾਵੇਂ ਸੋਨੇ ਦੀ ਕੀਮਤ 30-31 ਹਜ਼ਾਰ ਪ੍ਰਤੀ ਤੋਲਾ ਦੇ ਵਿਚਕਾਰ ਚੱਲ ਰਹੀ ਹੈ। ਦੋ ਤਿੰਨ ਸਾਲ ਪਹਿਲਾਂ ਦੇ ਮੁਕਾਬਲੇ ਸੋਨੇ ਦੀ ਕੀਮਤ ਹੁਣ ਲੱਗਭੱਗ ਦੁੱਗਣੀ ਹੋ ਗਈ ਹੈ। ਕਈ ਲੋਕ ਜ਼ਰੂਰਤ ਦੇ ਬਾਵਜੂਦ ਸੋਨੇ ਦੀ ਖਰੀਦ ਦੀ ਯੋਜਨਾ ਰੱਦ ਕਰ ਰਹੇ ਹਨ। ਕਾਰੋਬਾਰੀਆਂ ਅਨੁਸਾਰ ਵਿਆਹਾਂ ਦੇ ਸੀਜ਼ਨ ਹੁਣ ਲੱਗਭੱਗ ਸਾਰਾ ਸਾਲ ਹੀ ਚਲਦੇ ਰਹਿੰਦੇ ਹਨ ਅਤੇ ਰਵਾਇਤੀ ਗਹਿਣੇ ਹੁਣ ਆਮ ਲੋਕਾਂ ਦੀ ਪਹੁੰਚ ਤੋਂ ਦੂਰ ਹੋ ਚੁੱਕੇ ਹਨ। ਇਹੋ ਕਾਰਨ ਹੈ ਕਿ ਲੋਕ ਵਿਆਹਾਂ ਲਈ ਵੀ ਨਕਲੀ ਗਹਿਣੇ ਖਰੀਦ ਰਹੇ ਹਨ। ਡਿਜ਼ਾਇਨਰਾਂ ਦਾ ਕਹਿਣਾ ਹੈ ਕਿ ਅਸਲ ਗਹਿਣਿਆਂ ਦੇ ਮੁਕਾਬਲੇ ਚਾਂਦੀ ਅਤੇ ਪਿੱਤਲ ਉਤੇ ਸੋਨੇ ਦਾ ਪਾਣੀ ਚੜ੍ਹੇ ਅਤੇ ਰਤਨਾਂ ਵਾਲੇ ਇਨ੍ਹਾਂ ਗਹਿਣਿਆਂ ਦੀ ਲਾਗਤ ਕਾਫੀ ਘੱਟ ਹੁੰਦੀ ਹੈ। ਡਿਜ਼ਾਇਨਰਾਂ ਮੁਤਾਬਕ ਹੀ ਉਹਨਾਂ ਕੋਲ ਹੁਣ ਵਿਆਹਾਂ ਵਾਲੇ ਜੋੜਿਆਂ ਨਾਲ ਮੇਲ ਖਾਂਦੇ ਨਕਲੀ ਗਹਿਣਿਆਂ ਦਾ ਡਿਜ਼ਾਇਨ ਕਰਨ ਦੇ ਬਹੁਤ ਪ੍ਰਸਤਾਵ ਆ ਰਹੇ ਹਨ। ਮੁੰਬਈ ਸਥਿਤ ਸੀਆ ਲਾਈਫ ਸਟਾਈਲਜ਼ ਪ੍ਰਾਈਵੇਟ ਲਿਮਟਿਡ ਨਾਂ ਦੇ ਫੈਸ਼ਨ ਜਿਊਲਰੀ ਸਟੋਰ ਦੇ ਮਾਰਕੀਟਿੰਗ ਮੁਖੀ ਰੋਲੀ ਮਲਹੋਤਰਾ ਨੇ ਦੱਸਿਆ ਕਿ ਲੋਕ ਉੱਚੀਆਂ ਕੀਮਤਾਂ ਕਾਰਨ ਹੁਣ ਸੋਨਾ ਖਰੀਦਣ ਤੋਂ ਟਲ ਰਹੇ ਹਨ।

ਹੁਣ ਪੰਜਾਬੀ ਫਿਲਮਾਂ ਵਿਚ ਵੀ ਹੱਥ ਅਜ਼ਮਾਉਣਗੇ ਹਰਭਜਨ ਸਿੰਘ

ਜਲੰਧਰ- ਕ੍ਰਿਕਟ ਮੈਦਾਨ ਤੋਂ ਨਿਕਲ ਕੇ ਹਰਭਜਨ ਸਿੰਘ ਪੰਜਾਬੀ ਸਭਿਆਚਾਰ ਅਤੇ ਭਾਸ਼ਾ ਨੂੰ ਬਚਾਉਣ ਵਿਚ ਲੱਗ ਗਏ ਹਨ। ਹਰਭਜਨ ਸਿੰਘ ਨੇ ਦੱਸਿਆ ਕਿ ਪੰਜਾਬੀ ਫਿਲਮ ਇੰਡਸਟਰੀ ਵਿਚ ਵੀ ਉਹ ਹੱਥ ਅਜ਼ਮਾਉਣਗੇ। ਭੱਜੀ ਹੁਣ ਪੰਜਾਬੀ ਫਿਲਮਾਂ ਦਾ ਨਿਰਮਾਣ ਕਰਨਗੇ। ਉਹ ਪਹਿਲੇ ਸਾਲ ਦੋ ਫਿਲਮਾਂ ਬਣਾਉਣਗੇ। ਬੀਤੇ ਦਿਨੀਂ ਜਲੰਧਰ ਵਿਚ ਆਪਣੀ ਸੀਡੀ 'ਇਕ ਸੁਨੇਹਾ' ਰਿਲੀਜ਼ ਕਰਨ ਪਹੁੰਚੇ ਹਰਭਜਨ ਸਿੰਘ ਨੇ ਪੰਜਾਬੀ ਗਾਇਕਾਂ, ਲੇਖਕਾਂ ਅਤੇ ਪ੍ਰੋਡਿਊਸਰਾਂ ਨੂੰ ਨਸੀਹਤ ਦਿੱਤੀ ਹੈ ਕਿ ਲੱਚਰ ਪੰਜਾਬੀ ਨੂੰ ਛੱਡਣ ਅਤੇ ਪੰਜਾਬੀ ਸਭਿਆਚਾਰ ਨੂੰ ਬੜਾਵਾ ਦੇਣ। ਉਹਨਾਂ ਨੇ ਇਸ ਸੰਦੇਸ਼ ਨੂੰ ਰਿਲੀਜ਼ ਕੀਤਾ। ਇਸ ਨੂੰ ਯੂ-ਟਿਊਬ ਅਤੇ ਸੋਸ਼ਲ ਨੈਟਵਰਕਿੰਗ ਸਾਈਟ 'ਤੇ ਪਾਇਆ ਗਿਆ ਹੈ। ਹਰਭਜਨ ਸਿੰਘ ਨੇ ਸੰਦੇਸ਼ ਵਿਚ ਕਿਹਾ ਕਿ ਪੰਜਾਬੀ ਦਾ ਐਨਾ ਬੁਰਾ ਹਾਲ ਕਦੇ ਨਹੀਂ ਹੋਇਆ, ਜਿੰਨਾ ਹੁਣ ਹੋ ਗਿਆ ਹੈ। ਕਈ ਵਾਰ ਤਾਂ ਇਸ ਨੂੰ ਸੁਣ ਕੇ ਰੂਹ ਕੰਬ ਜਾਂਦੀ ਹੈ। ਉਹਨਾਂ ਕਿਹਾ ਕਿ ਅੱਜ ਮੈਂ ਪੰਜਾਬੀ ਗਾਇਕਾਂ, ਸੰਗੀਤਕਾਰਾਂ ਨੂੰ ਅਪੀਲ ਕਰਦਾ ਹਾਂ ਕਿ ਮਾਂ ਸਰਸਵਤੀ ਨੇ ਜੇਕਰ ਸੁਰ ਅਤੇ ਕਲਮ ਦਾ ਹੁਨਰ ਦਿੱਤਾ ਤਾਂ ਸੱਭਿਆਚਾਰ ਨੂੰ ਬਚਾਉਣ ਦੀ ਜ਼ਿੰਮੇਵਾਰੀ ਵੀ ਤੁਹਾਡੇ ਸਿਰ 'ਤੇ ਹੀ ਹੈ।

ਮਨਪ੍ਰੀਤ ਨੇ ਧੋਖਾ ਦਿੱਤਾ, ਸੁਖਬੀਰ ਦੀ ਪਰਵਾਹ ਨਹੀਂ, ਮਜੀਠੀਆ ਵਾਲੀ ਸੀ.ਡੀ. ਵੰਡੀ ਜਾਵੇਗੀ: ਅਮਰਿੰਦਰ

ਜਲੰਧਰ- ਪੰਜਾਬ ਕਾਂਗਰਸ ਕਮੇਟੀ ਦੇ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਹੈ ਕਿ ਪੀਪਲਜ਼ ਪਾਰਟੀ ਆਫ ਪੰਜਾਬ ਦੇ ਪ੍ਰਧਾਨ ਮਨਪ੍ਰੀਤ ਸਿੰਘ ਬਾਦਲ ਨੇ ਮੋਗਾ ਉਪ ਚੋਣ ਨੂੰ ਲੈ ਕੇ ਧੋਖਾ ਦਿੱਤਾ ਹੈ ਕਿਉਂਕਿ ਉਨ੍ਹਾਂ ਖੁਦ ਹੀ ਕਿਹਾ ਸੀ ਕਿ ਸਭ ਵਿਰੋਧੀ ਪਾਰਟੀਆਂ ਨੂੰ ਇਕ ਉਮੀਦਵਾਰ ਚੋਣ ਮੈਦਾਨ ਵਿਚ ਉਤਾਰਨਾ ਚਾਹੀਦਾ ਹੈ।

ਇੱਥੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਕਿਹਾ ਕਿ ਉਨ੍ਹਾਂ ਦੀ ਮਨਪ੍ਰੀਤ ਨਾਲ ਬੈਠਕ ਹੋਈ ਸੀ, ਜਿਸ ਵਿਚ ਮਨਪ੍ਰੀਤ ਨੇ ਖੁਦ ਹੀ ਕਿਹਾ ਸੀ ਕਿ ਮਾਘੀ ਦੇ ਮੇਲੇ ਪਿੱਛੋਂ ਸਭ ਵਿਰੋਧੀ ਪਾਰਟੀਆਂ ਨੂੰ ਇਕ ਹੋ ਜਾਣਾ ਚਾਹੀਦਾ ਹੈ। ਕਾਂਗਰਸ ਕੌਮੀ ਪਾਰਟੀ ਹੈ ਅਤੇ ਉਸ ਦੇ ਉਮੀਦਵਾਰ ਵਿਜੇ ਸਾਥੀ ਦੀ ਮਨਪ੍ਰੀਤ ਨੂੰ ਮਦਦ ਕਰਨੀ ਚਾਹੀਦੀ ਸੀ। ਮਨਪ੍ਰੀਤ ਵਲੋਂ ਮੋਗਾ 'ਚ ਆਪਣਾ ਉਮੀਦਵਾਰ ਉਤਾਰੇ ਜਾਣ ਨਾਲ ਖੱਬੇਪੱਖੀ ਪਾਰਟੀਆਂ ਵੀ ਅੰਦਰ ਖਾਤੇ ਉਨ੍ਹਾਂ ਤੋਂ ਨਾਰਾਜ਼ ਹਨ। ਖੱਬੇ-ਪੱਖੀ ਪਾਰਟੀਆਂ ਵੀ ਸਰਕਾਰ ਨੂੰ ਹਰਾਉਣ ਦੇ ਹੱਕ 'ਚ ਹਨ। ਇਹ ਪੁੱਛੇ ਜਾਣ 'ਤੇ ਕਿ ਕੀ ਮਨਪ੍ਰੀਤ ਅੰਦਰ ਖਾਤੇ ਬਾਦਲ ਪਰਿਵਾਰ ਨਾਲ ਮਿਲੇ ਹੋਏ ਹਨ ਤਾਂ ਉਨ੍ਹਾਂ ਕਿਹਾ ਕਿ ਇਸ ਬਾਰੇ ਉਹ ਕੁਝ ਨਹੀਂ ਕਹਿ ਸਕਦੇ। ਮਨਪ੍ਰੀਤ ਨੇ ਆਪਣਾ ਮਨ ਕਿਉਂ ਬਦਲਿਆ ਹੈ, ਇਸ ਦਾ ਕਾਰਨ ਉਹੀ ਵਧੀਆ ਦੱਸ ਸਕਦੇ ਹਨ। ਕੈਪਟਨ ਨੇ ਕਿਹਾ ਕਿ ਉਪ ਮੁਖ ਮੰਤਰੀ ਸੁਖਬੀਰ ਬਾਦਲ ਵਲੋਂ ਉਨ੍ਹਾਂ ਨੂੰ ਮੋਗਾ 'ਚ ਮਜੀਠੀਆ ਸੀ.ਡੀ. ਵੰਡਣ ਦੇ ਮੁੱਦੇ 'ਤੇ ਦਿੱਤੀਆਂ ਗਈਆਂ ਧਮਕੀਆਂ ਦਾ ਉਨ੍ਹਾਂ 'ਤੇ ਕੋਈ ਅਸਰ ਨਹੀਂ ਹੈ। ਉਨ੍ਹਾਂ ਕਾਂਗਰਸ ਦੇ ਜ਼ੋਨ ਇੰਚਾਰਜਾਂ ਨੂੰ ਮਜੀਠੀਆ ਵਾਲੀ ਸੀ. ਡੀ. ਦੇ ਦਿੱਤੀ ਹੈ ਅਤੇ ਹੁਣ ਉਹ ਮੋਗਾ ਦੇ ਹਰ ਘਰ 'ਚ ਚੱਲੇਗੀ। ਸੁਖਬੀਰ 'ਚ ਜੇ ਹਿੰਮਤ ਹੈ ਤਾਂ ਉਹ ਇਸ ਸੀ.ਡੀ. ਨੂੰ ਚੱਲਣ ਤੋਂ ਰੋਕ ਕੇ ਦਿਖਾਉਣ। ਕੈਪਟਨ ਅਮਰਿੰਦਰ ਨੇ ਕਿਹਾ ਕਿ ਮੋਗਾ 'ਚ ਵੋਟਰਾਂ ਦਾ ਉਸਾਰੂ ਸਹਿਯੋਗ ਕਾਂਗਰਸ ਨੂੰ ਮਿਲ ਰਿਹਾ ਹੈ। ਲੋਕ ਜੋਗਿੰਦਰ ਪਾਲ ਜੈਨ ਵਲੋਂ ਪਾਸਾ ਬਦਲਣ ਕਾਰਨ ਕਾਫੀ ਨਾਰਾਜ਼ ਹਨ। ਅਕਾਲੀ ਭਾਵੇਂ ਪੈਸੇ ਦੇ ਜ਼ੋਰ 'ਤੇ ਵੋਟ ਖਰੀਦ ਕੇ ਉਪ ਚੋਣ ਜਿੱਤਣਾ ਚਾਹੁੰਦੇ ਹਨ ਪਰ ਇਸ ਵਾਰ ਕਾਂਗਰਸ ਅਕਾਲੀ ਦਲ ਨੂੰ ਇੰਝ ਨਹੀਂ ਕਰਨ ਦੇਵੇਗੀ। ਕੈਪਟਨ ਨੇ ਕਿਹਾ ਕਿ ਉਨ੍ਹਾਂ ਨੂੰ ਰੋਜ਼ਾਨਾ ਮੋਗਾ ਵਿਖੇ ਪੰਚਾਇਤਾਂ ਆ ਕੇ ਮਿਲ ਰਹੀਆਂ ਹਨ ਅਤੇ ਸ਼ਹਿਰ ਵਿਚ ਸਥਿਤ ਵਾਰਡਾਂ ਦੇ ਲੋਕ ਵੀ ਉਨ੍ਹਾਂ ਕੋਲ ਆ ਰਹੇ ਹਨ। ਉਹ ਸਭ ਸਰਕਾਰ ਪ੍ਰਤੀ ਆਪਣੀ ਨਾਰਾਜ਼ਗੀ ਖੁੱਲ੍ਹ ਕੇ ਦਰਸਾ ਰਹੇ ਹਨ। ਸਾਬਕਾ ਮੁਖ ਮੰਤਰੀ ਨੇ ਕਿਹਾ ਕਿ ਮੋਗਾ 'ਚ ਸੁਖਬੀਰ ਬਾਦਲ ਅਤੇ ਬਿਕਰਮਜੀਤ ਸਿੰਘ ਮਜੀਠੀਆ ਗੜਬੜ ਕਰਵਾਉਣੀ ਚਾਹੁੰਦੇ ਹਨ ਪਰ ਕਾਂਗਰਸ ਪੂਰੇ ਹਾਲਾਤ 'ਤੇ ਨਜ਼ਰ ਰੱਖ ਕੇ ਚੱਲ ਰਹੀ ਹੈ। ਹੁਣ ਉਹ ਖੁਦ ਮੋਗਾ ਤੋਂ ਉਦੋਂ ਤਕ ਨਹੀਂ ਹਿੱਲਣਗੇ ਜਦੋਂ ਤਕ ਉਪ ਚੋਣ ਸੰਪਨ ਨਹੀਂ ਹੋ ਜਾਂਦੀ। ਉਨ੍ਹਾਂ ਕਿਹਾ ਕਿ ਮਜੀਠੀਆ ਸੀ.ਡੀ. ਨੂੰ ਲੈ ਕੇ ਵਿਧਾਨ ਸਭਾ ਦੇ ਸਪੀਕਰ ਦਾ ਰਵੱਈਆ ਵੀ ਠੀਕ ਨਹੀਂ ਸੀ। ਜਦੋਂ ਪਹਿਲਾਂ ਹੀ ਵਿਧਾਨ ਸਭਾ ਦੀ ਕਾਰਵਾਈ ਪੀ.ਟੀ.ਸੀ. ਚੈਨਲ 'ਤੇ ਰਿਲੀਜ਼ ਹੋ ਚੁੱਕੀ ਸੀ ਤਾਂ ਫਿਰ ਸੀ. ਡੀ. 'ਤੇ ਰੋਕ ਲਗਾਉਣੀ ਠੀਕ ਨਹੀਂ ਸੀ। ਉਂਝ ਵੀ ਇੰਟਰਨੈੱਟ 'ਤੇ ਸੀ. ਡੀ. ਪਹਿਲਾਂ ਤੋਂ ਹੀ ਰਿਲੀਜ਼ ਹੋ ਚੁੱਕੀ ਹੈ। ਉਨ੍ਹਾਂ ਕਿਹਾ ਕਿ ਸਪੀਕਰ ਨੇ ਵਿਧਾਨ ਸਭਾ 'ਚ ਮਜੀਠੀਆ ਨੂੰ ਰੋਕਣ ਦੀ ਕੋਸ਼ਿਸ਼ ਨਹੀਂ ਕੀਤੀ ਜਿਨ੍ਹਾਂ ਨੇ ਕਾਂਗਰਸੀ ਵਿਧਾਇਕ ਰਾਣਾ ਗੁਰਜੀਤ ਸਿੰਘ ਨਾਲ ਗਾਲੀ-ਗਲੋਚ ਕੀਤਾ ਸੀ। ਉਲਟਾ ਸਪੀਕਰ ਨੇ ਰਾਣਾ ਗੁਰਜੀਤ ਸਿੰਘ ਨੂੰ ਇਕ ਦਿਨ ਦੇ ਲਈ ਹਾਊਸ 'ਚੋਂ ਮੁਅੱਤਲ ਕਰ ਦਿੱਤਾ।

ਉਨ੍ਹਾਂ ਕਿਹਾ ਕਿ ਮੋਗਾ 'ਚ ਕਾਂਗਰਸ ਵਲੋਂ ਸੂਬੇ 'ਚ ਵਿਗੜੀ ਕਾਨੂੰਨ-ਵਿਵਸਥਾ ਦੀ ਸਥਿਤੀ, ਸਰਕਾਰ ਦੀ ਮਾੜੀ ਕਾਰਗੁਜ਼ਾਰੀ, ਜੈਨ ਵਲੋਂ ਆਪਣਾ ਪਾਲਾ ਬਦਲਣ ਅਤੇ ਸੂਬੇ 'ਚ ਠੱਪ ਪਏ ਵਿਕਾਸ ਕੰਮਾਂ ਦੇ ਮੁੱਦੇ ਨੂੰ ਵੋਟਰਾਂ ਦੌਰਾਨ ਲਿਜਾਇਆ ਜਾਵੇਗਾ। ਉਨ੍ਹਾਂ ਕਿਹਾ ਕਿ ਦਿੱਲੀ ਦੀਆਂ ਗੁਰਦੁਆਰਾ ਚੋਣਾਂ 'ਚ ਕਾਂਗਰਸ ਨੇ ਦਖਲ ਨਹੀਂ ਦਿੱਤਾ ਸੀ। ਦਿੱਲੀ ਦਾ ਕਾਂਗਰਸ ਯੂਨਿਟ ਚੋਣਾਂ ਤੋਂ ਦੂਰ ਰਿਹਾ। ਕੇਂਦਰੀ ਗ੍ਰਹਿ ਮੰਤਰਾਲਾ ਨੇ ਵੀ ਇਸ 'ਚ ਦਖਲ ਨਹੀਂ ਦਿੱਤਾ।

ਉਹ ਸਿਰਫ ਇਕ ਦਿਨ ਲਈ ਨਿੱਜੀ ਤੌਰ 'ਤੇ ਪ੍ਰਚਾਰ ਲਈ ਗਏ ਸਨ ਕਿਉਂਕਿ ਉਨ੍ਹਾਂ ਦੀ ਸਰਨਾ ਨਾਲ ਨਿੱਜੀ ਦੋਸਤੀ ਹੈ। ਸਰਨਾ ਨੇ ਦਿੱਲੀ ਵਿਚ ਗੁਰਦੁਆਰਾ ਪ੍ਰਬੰਧਾਂ 'ਚ ਸੁਧਾਰ ਲਿਆਉਣ ਲਈ ਚੰਗੇ ਕਦਮ ਚੁੱਕੇ ਸਨ। ਉਨ੍ਹਾਂ ਕਿਹਾ ਕਿ ਦਿੱਲੀ 'ਚ ਅਕਾਲੀ ਦਲ ਨੇ ਇਕ-ਇਕ ਵੋਟ 7-7 ਹਜ਼ਾਰ ਰੁਪਏ 'ਚ ਖਰੀਦੀ ਸੀ।

ਕਾਂਗਰਸੀ ਤੇ ਅਕਾਲੀ ਉਮੀਦਵਾਰਾਂ ਵੱਲੋਂ ਕਾਗਜ਼ ਦਾਖ਼ਲ

ਮੋਗਾ- ਵਿਧਾਨ ਸਭਾ ਹਲਕਾ ਮੋਗਾ ਦੀ 23 ਫ਼ਰਵਰੀ ਨੂੰ ਹੋ ਰਹੀ ਜ਼ਿਮਨੀ ਚੋਣ ਲਈ ਦੋਵਾਂ ਮੁੱਖ ਪਾਰਟੀਆਂ ਹਾਕਮ ਸ਼੍ਰੋਮਣੀ ਅਕਾਲੀ ਦਲ ਅਤੇ ਵਿਰੋਧੀ ਧਿਰ ਕਾਂਗਰਸ ਦੇ ਉਮੀਦਵਾਰਾਂ ਵੱਲੋਂ ਆਪੋ-ਆਪਣੇ ਕਾਗਜ਼ ਦਾਖਲ ਕਰ ਦਿੱਤੇ ਜਾਣ ਨਾਲ ਚੋਣ ਅਖਾੜਾ ਭਖ ਗਿਆ ਹੈ। ਸ਼੍ਰੋਮਣੀ ਅਕਾਲੀ ਦਲ (ਬਾਦਲ) ਦੇ ਉਮੀਦਵਾਰ ਜੋਗਿੰਦਰ ਪਾਲ ਜੈਨ ਕਾਂਗਰਸ ਦੇ ਉਮੀਦਵਾਰ ਵਿਜੇ ਸਾਥੀ ਨੇ ਆਪੋ-ਆਪਣੇ ਹਮਾਇਤੀਆਂ ਦੀ ਹਾਜ਼ਰੀ ਵਿਚ ਵਧੀਕ ਡਿਪਟੀ

ਕਮਿਸ਼ਨਰ ਤੇ ਰਿਟਰਨਿੰਗ ਅਫ਼ਸਰ ਡਾ. ਜੋਰਾਮ ਬੇਦਾ ਕੋਲ ਆਪਣੇ ਨਾਮਜ਼ਦਗੀ ਪੱਤਰ ਦਾਖਲ ਕੀਤੇ। ਇਸ ਮੌਕੇ ਇਥੋਂ ਦੇ ਅਕਾਲੀ-ਭਾਜਪਾ ਆਗੂ ਮੌਜੂਦ ਸਨ ਪਰ ਸਾਬਕਾ ਪੁਲੀਸ ਮੁਖੀ ਪੀਐਸ ਗਿੱਲ ਹਾਜ਼ਰ ਨਹੀਂ ਸਨ। ਦੂਜੇ ਪਾਸੇ ਸ੍ਰੀ ਸਾਥੀ ਨਾਲ ਕਾਂਗਰਸ ਦੇ ਸੀਨੀਅਰ ਆਗੂ ਕੈਪਟਨ ਅਮਰਿੰਦਰ ਸਿੰਘ, ਬੀਬਾ ਰਾਜਿੰਦਰ ਕੌਰ ਭੱਠਲ, ਸੁਨੀਲ ਜਾਖੜ ਤੇ ਜਗਮੀਤ ਸਿੰਘ ਬਾਰੜ ਆਦਿ ਹਾਜ਼ਰ ਸਨ। ਪਾਰਟੀ ਦੀ ਸੂਬਾਈ ਲੀਡਰਸ਼ਿਪ ਨੇ ਚੋਣ ਦੇ ਮੱਦੇਨਜ਼ਰ ਇਥੇ ਡੇਰੇ ਲਾ ਲਏ ਹਨ। ਸ੍ਰੀ ਜੈਨ ਨਾਲ ਉਨ੍ਹਾਂ ਦੇ ਪੁੱਤਰ ਅਕਸ਼ਿਤ ਜੈਨ ਨੇ ਬਤੌਰ ਕਵਰਿੰਗ ਉਮੀਦਵਾਰ ਕਾਗਜ਼ ਦਾਖਲ ਕੀਤੇ। ਇਸ ਮੌਕੇ ਗਿੱਲ ਪਰਿਵਾਰ ਵਿਚੋਂ ਸਾਬਕਾ ਪੁਲੀਸ ਮੁਖੀ ਦਾ ਚਚੇਰਾ ਭਰਾ ਮਿੱਕੀ ਗਿੱਲ ਹੀ ਮੌਜੂਦ ਸੀ। ਸ੍ਰੀ ਪੀਐਸ ਗਿੱਲ ਦੇ ਨਾ ਹੋਣ ਕਾਰਨ ਅਕਾਲੀਆਂ 'ਚ ਘੁਸਰ-ਮੁਸਰ ਚੱਲ ਰਹੀ ਸੀ। ਇਸ ਤੋਂ ਲਗਦਾ ਹੈ ਕਿ ਗਿੱਲ ਧੜੇ ਦੀ ਟਿਕਟ ਸਬੰਧੀ ਨਾਰਾਜ਼ਗੀ ਬਰਕਰਾਰ ਹੈ। ਸ੍ਰੀ ਜੈਨ ਨੇ ਨਾਮਜ਼ਦਗੀ ਪੇਪਰ ਭਰਨ ਤੋਂ ਪਹਿਲਾਂ ਆਪਣੇ ਘਰੇ ਸੁਖਮਨੀ ਸਾਹਿਬ ਦਾ ਪਾਠ ਕਰਾਇਆ। ਨਾਮਜ਼ਦਗੀ ਦਾਖ਼ਲ ਕਰਨ ਸਮੇਂ ਉਨ੍ਹਾਂ ਨਾਲ ਭਾਜਪਾ ਦੇ ਸਾਬਕਾ ਸੂਬਾ ਪ੍ਰਧਾਨ ਪ੍ਰੋ.ਰਾਜਿੰਦਰ ਭੰਡਾਰੀ, ਜਥੇਦਾਰ ਤੋਤਾ ਸਿੰਘ, ਤਰਸੇਮ ਸਿੰਘ ਰੱਤੀਆਂ, ਨਿਧੜਕ ਸਿੰਘ ਬਰਾੜ। ਸ੍ਰੀ ਸਾਥੀ ਦੇ ਕਵਰਿੰਗ ਉਮੀਦਵਾਰ ਵਜੋਂ ਕਿਸੇ ਨੇ ਕਾਗਜ਼ ਨਹੀਂ ਭਰੇ। ਉਨ੍ਹਾਂ ਧਰਮ ਪਤਨੀ ਪ੍ਰਵੀਨ ਸੂਦ ਵੱਲੋਂ ਬਾਅਦ ਵਿਚ ਕਵਰਿੰਗ ਉਮੀਦਵਾਰ ਵਜੋਂ ਨਾਮਜ਼ਦਗੀ ਭਰੀ ਜਾਵੇਗੀ। ਇਸ ਮੌਕੇ ਪੰਜਾਬ ਪ੍ਰਦੇਸ਼ ਕਾਂਗਰਸ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ, ਸਾਬਕਾ ਮੁੱਖ ਮੰਤਰੀ ਰਾਜਿੰਦਰ ਕੌਰ ਭੱਠਲ, ਪੰਜਾਬ ਵਿਧਾਨ ਸਭਾ 'ਚ ਵਿਰੋਧੀ ਧਿਰ ਦੇ ਆਗੂ ਸੁਨੀਲ ਜਾਖੜ, ਕੁੱਲ ਹਿੰਦ ਕਾਂਗਰਸ ਦੇ ਮੈਂਬਰ ਜਗਮੀਤ ਸਿੰਘ ਬਰਾੜ ਤੇ ਮੋਗਾ

ਜ਼ਿਮਨੀ ਚੋਣ ਦੇ ਇੰਚਾਰਜ ਅਤੇ ਕਪੂਰਥਲਾ ਤੋਂ ਵਿਧਾਇਕ ਰਾਣਾ ਗੁਰਜੀਤ ਸਿੰਘ ਤੇ ਹੋਰ ਆਗੂ ਹਾਜ਼ਰ ਸਨ। ਪਹਿਲਾਂ ਸ੍ਰੀ ਸਾਥੀ ਨੇ ਆਪਣੇ ਘਰੇ ਹਵਨ ਕਰਾਇਆ।

ਆਰੀਆ ਸਮਾਜ ਮੰਦਰ ਵਿਚ ਵੀ ਹਵਨ ਕਰਾਇਆ ਗਿਆ ਜਿਥੇ ਪਾਰਟੀ ਦੇ ਸੀਨੀਅਰ ਆਗੂ ਵੀ ਪੁੱਜੇ। ਸ੍ਰੀ ਜੈਨ ਨੇ ਇਸ ਮੌਕੇ ਦਿੱਤੇ ਹਲਫ਼ਨਾਮੇ ਵਿਚ ਕਰੀਬ ਸੱਤ ਕਰੋੜ ਰੁਪਏ ਦੀ ਚੱਲ-ਅਚੱਲ ਜਾਇਦਾਦ ਅਤੇ ਪੰਜਾਹ ਲੱਖ ਰੁਪਏ ਦਾ ਕਰਜ਼ੇ ਦਾ ਵੇਰਵਾ ਦਿੱਤਾ ਹੈ। ਉਨ੍ਹਾਂ ਕੋਲ ਚਾਰ ਲਗਜ਼ਰੀ ਕਾਰਾਂ, ਫ਼ੈਕਟਰੀ ਅਤੇ ਚਾਰ ਬੈਂਕਾਂ 'ਚ ਬੱਚਤ ਖਾਤੇ ਹੋਣ ਦੀ ਵੀ ਜਾਣਕਾਰੀ ਦਿੱਤੀ ਗਈ ਹੈ। ਉਨ੍ਹਾਂ ਖ਼ਿਲਾਫ਼ ਨਜਾਇਜ਼ ਕਲੋਨੀ ਵਿਕਸਤ ਕਰਨ ਦਾ ਫੌਜਦਾਰੀ ਕੇਸ ਫ਼ਰੀਦਕੋਟ ਦੀ ਅਦਾਲਤ 'ਚ ਚੱਲਦੇ ਹੋਣ ਅਤੇ 25 ਸਾਲ ਪੁਰਾਣੇ ਕੋਫ਼ਾਪੋਸਾ ਮਾਮਲੇ 'ਚੋਂ ਬਰੀ ਹੋਣ ਦੀ ਜਾਣਕਾਰੀ ਦਿੱਤੀ ਗਈ ਹੈ।

ਗ਼ੌਰਤਲਬ ਹੈ ਕਿ ਸ੍ਰੀ ਜੈਨ ਇਸ ਵਿਧਾਨ ਸਭਾ ਹਲਕਾ ਤੋਂ ਫ਼ਰਵਰੀ 2007 ਅਤੇ ਜਨਵਰੀ 2012 ਦੀਆਂ ਚੋਣਾਂ 'ਚ ਕਾਂਗਰਸ ਉਮੀਦਵਾਰ ਵਜੋਂ ਵਿਧਾਇਕ ਚੁਣੇ ਗਏ ਸਨ ਅਤੇ ਬੀਤੀ 26 ਦਸੰਬਰ ਨੂੰ ਉਹ ਵਿਧਾਨ ਸਭਾ ਤੋਂ ਅਸਤੀਫ਼ਾ ਦੇ ਕੇ ਅਕਾਲੀ ਦਲ ਵਿਚ ਸ਼ਾਮਲ ਹੋ ਗਏ ਸਨ। ਅਕਾਲੀ ਸਰਕਾਰ ਨੇ ਸ੍ਰੀ ਜੈਨ ਨੂੰ ਪੰਜਾਬ ਰਾਜ ਗੋਦਾਮ ਨਿਗਮ ਦਾ ਚੇਅਰਮੈਨ ਬਨਾਉਣ ਤੋਂ ਇਲਾਵਾ ਜ਼ਿਮਨੀ ਚੋਣ ਲਈ ਵੀ ਆਪਣਾ ਉਮੀਦਵਾਰ ਬਣਾਇਆ ਹੈ।

ਔਰਤਾਂ ਦੀ ਸੁਰੱਖਿਆ ਲਈ ਪੰਜਾਬ 'ਚ ਤਾਇਨਾਤ ਹੋਵੇਗੀ ਨਵੀਂ ਪੁਲਸ

ਚੰਡੀਗੜ੍ਹ- ਪੰਜਾਬ ਕੈਬਿਨਟ ਕਮੇਟੀ ਨੇ ਮੰਗਲਵਾਰ ਨੂੰ ਸੂਬੇ 'ਚ 857 ਪੁਲਸ ਕਰਮੀਆਂ ਦੀ ਭਰਤੀ ਲਈ ਮਨਜ਼ੂਰੀ ਦੇ ਦਿੱਤੀ ਹੈ, ਜਿਸ ਦੇ ਤਹਿਤ ਸੂਬੇ 'ਚ ਔਰਤਾਂ ਦੀ ਸੁਰੱਖਿਆ ਲਈ ਸਪੈਸ਼ਲ 6 ਡੀ. ਐਸ. ਪੀ. ਵੀ ਭਰਤੀ ਕੀਤੇ ਜਾਣਗੇ। ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੀ ਪ੍ਰਧਾਨਗੀ ਹੇਠ ਹੋਈ ਪੰਜਾਬ ਕੈਬਿਨਟ ਕਮੇਟੀ ਦੀ ਬੈਠਕ 'ਚ ਇਹ ਫੈਸਲਾ ਲਿਆ ਗਿਆ ਹੈ।

ਬੈਠਕ ਵਿਚ ਸੂਬੇ 'ਚ 20 ਫਾਸਟ ਟ੍ਰੈਕ ਅਦਾਲਤਾਂ ਬਣਾਉਣ ਦੇ ਪ੍ਰਸਤਾਵ ਨੂੰ ਵੀ ਮਨਜ਼ੂਰੀ ਦੇ ਦਿੱਤੀ ਗਈ ਹੈ। ਇਸ ਤੋਂ ਇਲਾਵਾ ਕੈਬਿਨਟ ਨੇ ਪੰਜਾਬ ਲੋਕਪਾਲ ਐਕਟ 1996 'ਚ ਸੋਧ ਦੇ ਸੰਕੇਤ ਵੀ ਦਿੱਤੇ ਹਨ, ਜਿਸ ਅਧੀਨ ਇਕ ਉਪ ਲੋਕਪਾਲ ਦੀ ਨਿਯੁਕਤੀ ਕੀਤੀ ਜਾਵੇਗੀ।

ਔਰਤਾਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਕੈਬਿਨਟ 'ਚ 6 ਡੀ. ਐਸ. ਪੀ., 36 ਇੰਸਪੈਕਟਰ, 415 ਲੇਡੀ ਸਬ-ਇੰਸਪੈਕਟਰ ਅਤੇ 400 ਲੇਡੀ ਕਾਂਸਟੇਬਰ ਭਰਤੀ ਕਰਨ ਦਾ ਫੈਸਲਾ ਲਿਆ ਗਿਆ ਹੈ।

ਇਸ ਤੋਂ ਇਲਾਵਾ ਹੋਰ ਫੈਸਲਿਆਂ 'ਚ ਕੈਂਸਰ ਜਾਗਰੂਕਤਾ ਪ੍ਰੋਗਰਾਮ ਨੂੰ ਮਨਜ਼ੂਰੀ, ਨਸ਼ੀਲੀਆਂ ਦਵਾਈਆਂ ਦੀ ਵਰਤੋਂ ਨੂੰ ਰੋਕਣ, ਪੰਚਾਇਤਾਂ ਨੂੰ ਬਰਾਡਕਾਸਟ ਕਰਨਾ ਆਦਿ ਸ਼ਾਮਲ ਹੈ।

ਅਕਾਲੀ ਦਲ ਉਮੀਦਵਾਰ ਜੈਨ ਦੇ ਪੁੱਤਰ ਖਿਲਾਫ ਗ੍ਰਿਫਤਾਰੀ ਵਾਰੰਟ ਜਾਰੀ

ਫਰੀਦਕੋਟ- ਮੰਗਲਵਾਰ ਨੂੰ ਮੋਗਾ ਉਪ ਚੋਣ ਲਈ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਜੋਗਿੰਦਰ ਪਾਲ ਜੈਨ ਦੇ ਪੁੱਤਰ ਪੁਨੀਤ ਜੈਨ ਖਿਲਾਫ ਗੈਰ ਜ਼ਮਾਨਤੀ ਗ੍ਰਿਫਤਾਰੀ ਵਾਰੰਟ ਜਾਰੀ ਕਰ ਦਿੱਤੇ ਗਏ ਹਨ। ਪੁਨੀਤ ਜੈਨ ਵਿਰੁੱਧ ਇਹ ਕਾਰਵਾਈ 26 ਅਗਸਤ 2007 ਦੇ ਇਕ ਮਾਮਲੇ 'ਚ ਪੰਜਾਬ ਅਪਾਰਟਮੈਂਟ ਅਤੇ ਪ੍ਰਾਪਰਟੀ ਐਕਟ

ਅਧੀਨ ਕੀਤੀ ਜਾ ਰਹੀ ਹੈ।

ਇਹ ਮਾਮਲਾ ਮਿਹਣਾ ਵਿਖੇ ਜੋਗਿੰਦਰ ਪਾਲ ਜੈਨ, ਉਨ੍ਹਾਂ ਦੀ ਪਤਨੀ ਤੇ ਬੱਚਿਆਂ ਵਿਰੁੱਧ ਦਰਜ ਕੀਤਾ ਗਿਆ ਸੀ। ਜੈਨ ਕਾਂਗਰਸੀ ਵਿਧਾਇਕ ਸਨ ਅਤੇ ਹੁਣ ਉਹ ਕਾਂਗਰਸ ਛੱਡ ਕੇ ਅਕਾਲੀ ਦਲ 'ਚ ਸ਼ਾਮਲ ਹੋ ਗਏ ਹਨ।

MERI SAHELI GROUP

For further queries contact

Ruby

ਅਸੀਂ ਉਹਨਾਂ ਔਰਤਾਂ ਦੀ ਮਦਦ ਕਰਦੇ ਹਾਂ, ਜਿਹਨਾਂ ਨੇ ਆਪਣਾ ਬਿਜਨਸ ਸ਼ੁਰੂ ਕਰਨਾ ਹੋਵੇ, ਅਸੀਂ ਔਰਤਾਂ ਨੂੰ ਲਾਇਸੈਂਸ ਲੈਣ ਦੀ ਟ੍ਰੇਨਿੰਗ ਦਿੰਦੇ ਹਾਂ ਅਤੇ ਉਹਨਾਂ ਦਾ ਕੰਮ ਸ਼ੁਰੂ ਕਰਵਾਉਂਦੇ ਹਾਂ

ਮਹਿੰਦੀ-ਮੇਕਅਪ ਲਈ ਕਾਲ ਕਰੋ

(650) 669-0281,
(408) 400-0629
sahelius@yahoo.com



Naz Beauty Salon

460 E. Persian Dr., Sunnyvale, CA- 94089
Tel: (408) 400-0629 / (650) 669-0281
www.nazbeautysalon.com

PUNJAB IMMIGRATION & TAX SERVICE

Bluetie FINANCIAL

INCOME TAX
PERSONAL TAX RETURNS
BUSINESS TAX RETURNS
CORPORATION TAX RETURNS

IMMIGRATION
FAMILY PETITIONS
WORK PERMIT
GREEN CARD
CITIZENSHIP

Varinder S Sekhon (B. com. LL.B.)
Immigration and Income Tax
email: SINGH2637@YAHOO.COM

ACCOUNTING & PAYROLL SERVICES
DAY-TO-DAY BUSINESS ACCOUNTING, QUARTERLY AND ANNUAL FINANCIAL REPORTS, EMPLOYEE PAYROLL, QUARTERLY TAX FILING WITH IRS AND EDD

ADDITIONAL SERVICES
DIVORCE PETITIONS, NAME CHANGE DECREE, FORM NEW CORPORATIONS, POWER OF ATTORNEY

ਇਨਕਮ ਟੈਕਸ, ਇਮੀਗ੍ਰੇਸ਼ਨ, ਕਾਨੂੰਨੀ ਪਟੀਸ਼ਨ, ਗ੍ਰੀਨ ਕਾਰਡ, ਸਿਟੀਜ਼ਨਸ਼ਿਪ, ਵਰਕ ਪਰਮਿਟ ਆਦਿ ਨਾਲ ਸੰਬੰਧਤ ਹਰ ਤਰ੍ਹਾਂ ਦੀ ਸੇਵਾ ਲਈ ਸੰਪਰਕ ਕਰੋ।

PHONE: 916-391-7221 FAX: 916-258-0470 (Internationally)
CELL: 916-690-0487 INDIA 011-91-98724-82590

1399-B FLORIN ROAD (BEHIND AMPM GAS STATION)
SACRAMENTO CA 95822

ਨਿਊਯਾਰਕ ਅਤੇ ਨਾਲ ਲੱਗਦੀਆਂ ਸਟੇਟਾਂ ਵਿਚ ਇਸ਼ਤਿਹਾਰ ਦੇਣ ਅਤੇ ਹੋਰ ਜਾਣਕਾਰੀ ਲਈ ਮਾਰਕੀਟਿੰਗ ਡਾਇਰੈਕਟਰ ਕੁਲਬਿੰਦਰ ਸਿੰਘ ਜਾਂ ਅਮਰਜੀਤ ਸਿੰਘ ਨਾਲ ਸੰਪਰਕ ਕਰੋ

Kalbinder Singh at 508-904-9265
or
Amarjeet Singh at 603-820-0464

ਪੰਜਾਬ ਵਿੱਚ ਕੈਂਸਰ ਦਾ ਕਹਿਰ- ਪ੍ਰਭਾਵਸ਼ਾਲੀ ਯਤਨਾਂ ਦੀ ਜ਼ਰੂਰਤ

ਪੰਜਾਬ ਵਿਚ ਕੈਂਸਰ ਦੇ ਮਰੀਜ਼ਾਂ ਸਬੰਧੀ ਕੀਤੇ ਗਏ ਸਰਵੇਖਣ ਦੇ ਅੰਕੜੇ ਪ੍ਰੇਸ਼ਾਨ ਕਰਨ ਵਾਲੇ ਹਨ। ਸਿਹਤ ਵਿਭਾਗ ਵੱਲੋਂ ਪਿਛਲੇ ਮਹੀਨੇ ਘਰ-ਘਰ ਜਾ ਕੇ ਕੈਂਸਰ ਪੀੜਤਾਂ ਸਬੰਧੀ ਜਾਣਕਾਰੀ ਇਕੱਠੀ ਕਰਨ ਲਈ ਸ਼ੁਰੂ ਕੀਤੀ ਗਈ ਮੁਹਿੰਮ ਦੀ ਰਿਪੋਰਟ ਅਨੁਸਾਰ ਸੂਬੇ ਵਿੱਚ ਹਰ ਰੋਜ਼ ਕੈਂਸਰ ਨਾਲ 18 ਵਿਅਕਤੀਆਂ ਦੀ ਮੌਤ ਹੋ ਜਾਂਦੀ ਹੈ। ਪੰਜਾਬ ਵਿੱਚ ਕੈਂਸਰ ਪੀੜਤਾਂ ਦੀ ਗਿਣਤੀ ਵੀ ਕੌਮੀ ਔਸਤ ਨਾਲੋਂ ਵੱਧ ਹੈ। ਅੰਕੜਿਆਂ ਅਨੁਸਾਰ ਕੌਮੀ ਪੱਧਰ 'ਤੇ ਇੱਕ ਲੱਖ ਦੀ ਅਬਾਦੀ ਪਿੱਛੇ 80 ਵਿਅਕਤੀਆਂ ਦੀ ਮੌਤ ਕੈਂਸਰ ਨਾਲ ਹੋ ਰਹੀ ਹੈ ਜਦੋਂ ਕਿ ਪੰਜਾਬ ਵਿੱਚ ਇਹ ਗਿਣਤੀ 90 ਹੈ। ਇਸੇ ਤਰ੍ਹਾਂ ਕੌਮੀ ਪੱਧਰ 'ਤੇ ਇੱਕ ਲੱਖ ਦੀ ਅਬਾਦੀ ਮਗਰ 211 ਵਿਅਕਤੀ ਕੈਂਸਰ ਦੀ ਬੀਮਾਰੀ ਨਾਲ ਪੀੜਤ ਹਨ ਜਦੋਂ ਕਿ ਪੰਜਾਬ ਵਿੱਚ ਇਹ ਦਰ 215.9 ਮਰੀਜ਼ ਪ੍ਰਤੀ ਲੱਖ ਦਰਜ ਕੀਤੀ ਗਈ ਹੈ। ਸੂਬੇ ਦੇ ਮਾਲਵਾ ਖੇਤਰ ਵਿੱਚ ਤਾਂ ਸਥਿਤੀ ਹੋਰ ਵੀ ਬਦਤਰ ਹੈ ਜਿੱਥੇ ਇਹ ਗਿਣਤੀ 250.8 ਹੈ। ਰਿਪੋਰਟ ਅਨੁਸਾਰ ਕੈਂਸਰ ਦਾ ਪ੍ਰਕੋਪ ਹੁਣ ਇਕੱਲੇ ਮਾਲਵਾ ਖੇਤਰ ਵਿੱਚ ਨਹੀਂ ਸਗੋਂ ਪੂਰੇ ਪੰਜਾਬ ਵਿੱਚ ਇਸ ਨੇ ਪੈਰ ਪਸਾਰ ਲਏ ਹਨ। ਦੁਆਬਾ ਖੇਤਰ ਵਿੱਚ ਕੈਂਸਰ ਦੇ ਮਰੀਜ਼ਾਂ ਦੀ ਔਸਤ ਗਿਣਤੀ 224.5 ਪ੍ਰਤੀ ਲੱਖ ਹੈ ਜਦੋਂ ਕਿ ਮਾਝੇ ਵਿੱਚ ਇਹ ਦਰ 166 ਦੇ ਕਰੀਬ ਹੈ। ਹੈਰਾਨੀਜਨਕ ਗੱਲ ਇਹ ਹੈ ਕਿ ਸੂਬੇ ਦੇ ਮੁੱਖ ਮੰਤਰੀ ਦੇ ਜੱਦੀ ਜ਼ਿਲ੍ਹੇ ਮੁਕਤਸਰ ਵਿੱਚ ਕੈਂਸਰ ਦੀ ਮਾਰ ਸਾਰੇ ਜ਼ਿਲ੍ਹਿਆਂ ਤੋਂ ਜ਼ਿਆਦਾ ਹੈ ਜਿੱਥੇ ਇੱਕ ਲੱਖ ਦੀ ਅਬਾਦੀ ਪਿੱਛੇ 136.3 ਮੌਤਾਂ ਹੋ ਚੁੱਕੀਆਂ ਹਨ ਅਤੇ ਪੂਰੇ ਸੂਬੇ ਵਿੱਚ ਪਿਛਲੇ ਪੰਜ ਸਾਲਾਂ ਦੌਰਾਨ ਕੈਂਸਰ ਕਾਰਨ 33,318 ਵਿਅਕਤੀ ਜਾਨ ਤੋਂ ਹੱਥ ਧੋ ਬੈਠੇ ਹਨ। ਕੈਂਸਰ ਦੀ ਮਹਾਂਮਾਰੀ ਨੂੰ ਹੋਰ ਵਧਣ-ਫੁੱਲਣ ਤੋਂ ਰੋਕਣ ਲਈ ਪੰਜਾਬ ਸਰਕਾਰ ਨੇ ਇਸ ਸਬੰਧੀ ਜਾਗਰੂਕਤਾ ਪੈਦਾ ਕਰਨ ਅਤੇ ਪੀੜਤ ਮਰੀਜ਼ਾਂ ਦੀ ਮੁਢਲੇ ਪੜਾਅ 'ਤੇ ਹੀ ਪਛਾਣ ਕਰਨ ਲਈ ਸਰਵੇਖਣ ਕਰਨ ਦਾ ਇਹ ਸ਼ਲਾਘਾਯੋਗ ਉਪਰਾਲਾ ਕੀਤਾ ਹੈ। ਨਾ ਕੇਵਲ ਭਾਰਤ ਬਲਕਿ ਸਮੁੱਚੇ ਵਿਸ਼ਵ ਵਿੱਚ ਇਹ ਇੱਕ ਵਿਲੱਖਣ ਅਤੇ ਨਿਵੇਕਲਾ ਸਰਵੇ ਕੀਤਾ ਗਿਆ ਹੈ ਜਿਸ ਵਿੱਚ ਕੈਂਸਰ ਪੀੜਤਾਂ ਦੇ ਅੰਕੜੇ ਇਕੱਤਰ ਕਰਨ ਤੋਂ ਇਲਾਵਾ ਇਸ ਪ੍ਰਤੀ ਜਾਗਰੂਕਤਾ ਪੈਦਾ ਕਰਨ ਦੇ ਨਾਲ-ਨਾਲ ਪ੍ਰਭਾਵਿਤ ਮਰੀਜ਼ਾਂ ਨੂੰ ਲੋੜੀਂਦੀ ਸਹਾਇਤਾ ਅਤੇ ਸਹੀ ਇਲਾਜ ਸਬੰਧੀ ਜਾਣਕਾਰੀ ਵੀ ਦਿੱਤੀ ਗਈ ਹੈ। ਇਸ ਮੁਹਿੰਮ ਅਧੀਨ ਸੂਬੇ ਦੇ 12,603 ਪਿੰਡਾਂ ਸਮੇਤ 217 ਸ਼ਹਿਰਾਂ ਅਤੇ ਕਸਬਿਆਂ ਦੇ 2 ਕਰੋੜ 64 ਲੱਖ 84 ਹਜ਼ਾਰ ਚਾਰ ਸੌ ਚੌਂਤੀ ਵਿਅਕਤੀਆਂ ਦੀ ਜਾਂਚ ਕੀਤੀ ਗਈ ਹੈ ਅਤੇ ਇਸ 'ਤੇ 1.7 ਕਰੋੜ ਰੁਪਏ ਖਰਚ ਹੋਏ ਹਨ। ਇਸ ਮੁਹਿੰਮ ਦੇ ਅਗਲੇ ਪੜਾਅ ਵਿੱਚ ਪੀ.ਜੀ.ਆਈ. ਚੰਡੀਗੜ੍ਹ ਦੀਆਂ ਟੀਮਾਂ ਦੁਆਰਾ ਸਰਵੇ ਤਹਿਤ ਪਛਾਣੇ ਗਏ 80,000 ਦੇ ਲਗਪਗ ਕੈਂਸਰ ਪੀੜਤਾਂ ਦੀ ਜਾਂਚ ਅਤੇ ਸਾਂਭ-ਸੰਭਾਲ ਕੀਤੀ ਜਾਵੇਗੀ।

ਕੈਂਸਰ ਦੇ ਪ੍ਰਕੋਪ ਤੋਂ ਚਿੰਤਤ ਹੋਈ ਸੂਬਾ ਸਰਕਾਰ ਵੱਲੋਂ ਪਿਛਲੇ ਮਹੀਨੇ ਕਰਵਾਇਆ ਗਿਆ ਸਰਵੇਖਣ ਕਾਫ਼ੀ ਮਹੱਤਵਪੂਰਨ ਕਿਹਾ ਜਾ ਸਕਦਾ ਹੈ। ਇਸ ਨਾਲ ਕੈਂਸਰ ਪੀੜਤਾਂ ਬਾਰੇ ਠੋਸ ਜਾਣਕਾਰੀ ਪ੍ਰਾਪਤ ਹੋਣ ਦੇ ਨਾਲ-ਨਾਲ ਜਾਗਰੂਕਤਾ ਵੀ ਪੈਦਾ ਹੋਈ ਹੈ। ਸਰਕਾਰ ਵੱਲੋਂ ਕੈਂਸਰ ਪੀੜਤਾਂ ਦੀ ਰਾਹਤ ਲਈ ਵਿਸ਼ੇਸ਼ ਫੰਡ ਵੀ ਕਾਇਮ ਕੀਤਾ ਗਿਆ ਹੈ ਜਿਸ ਤਹਿਤ ਲੋੜਵੰਦਾਂ ਨੂੰ ਡੇਢ ਲੱਖ ਰੁਪਏ ਤਕ ਦੀ ਵਿੱਤੀ ਸਹਾਇਤਾ ਦਿੱਤੀ ਜਾਂਦੀ ਹੈ। ਇਸ ਤੋਂ ਇਲਾਵਾ ਬਠਿੰਡਾ ਅਤੇ ਮੁਹਾਲੀ ਵਿਖੇ ਨਿੱਜੀ ਭਾਈਵਾਲੀ ਨਾਲ ਕੈਂਸਰ ਹਸਪਤਾਲ ਵੀ ਖੋਲ੍ਹੇ ਗਏ ਹਨ। ਹਾਲ ਹੀ ਵਿੱਚ ਕੇਂਦਰ ਸਰਕਾਰ ਵੱਲੋਂ ਸੰਗਰੂਰ ਵਿਖੇ 300 ਬਿਸਤਰਿਆਂ ਵਾਲੇ 25 ਏਕੜ 'ਚ ਇੱਕ ਵਿਸ਼ੇਸ਼ ਕੈਂਸਰ ਹਸਪਤਾਲ ਬਣਾਉਣ ਦੀ ਪ੍ਰਵਾਨਗੀ ਦਿੱਤੀ ਗਈ ਹੈ ਜਿਸ 'ਤੇ ਇੱਕ ਹਜ਼ਾਰ ਕਰੋੜ ਰੁਪਏ ਖਰਚ ਹੋਣ ਦਾ ਅਨੁਮਾਨ ਹੈ। ਸਰਕਾਰਾਂ ਤੋਂ ਇਲਾਵਾ ਕਈ ਸਮਾਜ ਸੇਵੀ ਸੰਸਥਾਵਾਂ ਵੀ ਇਸ ਖੇਤਰ ਵਿੱਚ ਸ਼ਲਾਘਾਯੋਗ ਭੂਮਿਕਾ ਨਿਭਾਅ ਰਹੀਆਂ ਹਨ। ਲੰਡਨ ਸਥਿਤ ਇੱਕ ਸੰਸਥਾ ਵੱਲੋਂ ਵੀ ਸੂਬੇ ਵਿੱਚ ਇਸ ਬੀਮਾਰੀ ਦੀ ਅਗਾਊਂ ਜਾਂਚ ਲਈ ਕੈਂਪ ਲਗਾਉਣੇ ਸ਼ੁਰੂ ਕੀਤੇ ਗਏ ਹਨ। ਇਹ ਯਤਨ ਭਾਵੇਂ ਚੰਗਾ ਉੱਦਮ ਹਨ ਪਰ ਸੂਬੇ ਵਿੱਚ ਕੈਂਸਰ ਦੇ ਕਹਿਰ ਨੂੰ ਦੇਖਦਿਆਂ ਇਹ ਕਾਫ਼ੀ ਨਹੀਂ ਕਹੇ ਜਾ ਸਕਦੇ। ਪੀੜਤਾਂ ਨੂੰ ਆਰਥਿਕ ਮਦਦ ਤੋਂ ਇਲਾਵਾ ਇਸ ਬੀਮਾਰੀ ਦੀ ਮੁਢਲੇ ਪੜਾਅ ਵਿੱਚ ਹੀ ਰੋਕਥਾਮ ਲਈ ਸਾਰੇ ਸਰਕਾਰੀ ਹਸਪਤਾਲਾਂ ਵਿੱਚ ਲੋੜੀਂਦਾ ਬੁਨਿਆਦੀ ਢਾਂਚਾ ਉਸਾਰਨ ਦੀ ਜ਼ਰੂਰਤ ਹੈ। ਸੌੜੇ ਸਿਆਸੀ ਮੰਤਵਾਂ ਲਈ ਮਾਨਸਾ ਅਤੇ ਫ਼ਰੀਦਕੋਟ ਵਿਖੇ ਲਗਾਏ ਮੈਗਾ ਕੈਂਪਾਂ ਦੀ ਥਾਂ ਠੋਸ ਅਤੇ ਪ੍ਰਭਾਵਸ਼ਾਲੀ ਨੀਤੀ ਬਣਾਉਣ ਦੀ ਜ਼ਰੂਰਤ ਹੈ ਜਿਸ ਨਾਲ ਮਰੀਜ਼ਾਂ ਨੂੰ ਸਮੇਂ-ਸਮੇਂ ਲੋੜੀਂਦੀ ਰਾਹਤ ਮਿਲ ਸਕੇ। ਇਲਾਜ ਤੋਂ ਇਲਾਵਾ ਇਸ ਬੀਮਾਰੀ ਦੇ ਬੁਨਿਆਦੀ ਕਾਰਨਾਂ ਸਬੰਧੀ ਜਾਂਚ ਕਰ ਕੇ ਉਹ ਸਮੱਸਿਆਵਾਂ ਦੂਰ ਕਰਨ ਦੀ ਲੋੜ ਹੈ ਤਾਂ ਜੋ ਇਸ ਤੋਂ ਮੁੱਢ ਵਿੱਚ ਹੀ ਬਚਿਆ ਜਾ ਸਕੇ। ਸੂਬੇ ਦੇ ਲੋਕਾਂ ਨੂੰ ਪੀਣ ਲਈ ਸਾਫ਼ ਅਤੇ ਸ਼ੁੱਧ ਪਾਣੀ ਮੁਹੱਈਆ ਕਰਵਾਇਆ ਜਾਣਾ ਜ਼ਰੂਰੀ ਹੈ। ਇਸ ਤੋਂ ਇਲਾਵਾ ਸ਼ਰਾਬ ਅਤੇ ਤੰਬਾਕੂ ਜਿਹੇ ਨਸ਼ਿਆਂ 'ਤੇ ਪਾਬੰਦੀ ਲਾਉਣ ਦੀ ਵੀ ਜ਼ਰੂਰਤ ਹੈ। ਪ੍ਰਦੂਸ਼ਣ ਨੂੰ ਰੋਕਣ ਲਈ ਕਾਰਗਰ ਯਤਨ ਕਰਨੇ ਲੋੜੀਂਦੇ ਹਨ। ਲੋਕਾਂ ਨੂੰ ਵੀ ਆਪਣੀ ਜੀਵਨ ਸ਼ੈਲੀ ਵਿੱਚ ਬਦਲਾਅ ਲਿਆਉਣ ਦੀ ਲੋੜ ਹੈ। ਚਰਬੀ ਵਾਲਾ ਭੋਜਨ ਅਤੇ ਕਸਰਤ ਦੀ ਘਾਟ ਕੈਂਸਰ ਦਾ ਕਾਰਨ ਬਣ ਸਕਦੇ ਹਨ। ਉੱਘੇ ਕੈਂਸਰ ਮਾਹਿਰਾਂ ਅਨੁਸਾਰ ਸਾਫ਼-ਸੁਥਰਾ ਭੋਜਨ ਅਤੇ ਸਹੀ ਵਕਤ 'ਤੇ ਇਲਾਜ ਨਾਲ ਕੈਂਸਰ ਦੇ ਕਹਿਰ ਤੋਂ ਬਚਿਆ ਜਾ ਸਕਦਾ ਹੈ। ਕੈਂਸਰ ਦੇ ਲਗਾਤਾਰ ਵਧ ਰਹੇ ਪ੍ਰਕੋਪ ਨੂੰ ਰੋਕਣ ਲਈ ਸਰਕਾਰਾਂ ਅਤੇ ਸਮਾਜ ਸੇਵੀ ਸੰਸਥਾਵਾਂ ਵੱਲੋਂ ਯਤਨ ਕੀਤੇ ਜਾਣ ਦੇ ਨਾਲ-ਨਾਲ ਲੋਕਾਂ ਨੂੰ ਇਸ ਪ੍ਰਤੀ ਜਾਗਰੂਕ ਕਰਨ ਦੀ ਵੀ ਜ਼ਰੂਰਤ ਹੈ।

ਦਿੱਲੀ ਗੁਰਦੁਆਰਾ ਕਮੇਟੀ ਚੋਣਾਂ ਦੀ ਸਮੀਖਿਆ- ਸਰਕਾਰ ਆਪਣੇ ਫ਼ਰਜ਼ਾਂ ਤੋਂ ਪਿੱਛੇ ਕਿਉਂ ਹੈ?

ਹਰਚਰਨ ਸਿੰਘ

ਗੁਰਧਾਮਾਂ ਦੇ ਪ੍ਰਬੰਧ ਨੂੰ ਸਹੀ ਅਤੇ ਸੁਚੱਜੇ ਢੰਗ ਨਾਲ ਚਲਾਉਣ ਲਈ ਗੁਰਦੁਆਰਾ ਸੁਧਾਰ ਲਹਿਰ ਦੀ ਸ਼ੁਰੂਆਤ ਹੋਈ ਸੀ। ਲਹੂ ਵੀਟਵੇਂ ਸੰਘਰਸ਼ ਵਿੱਚ ਕਈ ਸ਼ਹੀਦੀਆਂ ਤੋਂ ਬਾਅਦ ਸਿੱਖ ਗੁਰਦੁਆਰਾ ਐਕਟ ਹੋਂਦ ਵਿੱਚ ਆਇਆ। ਇਸ ਐਕਟ ਅਧੀਨ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸਥਾਪਨਾ ਹੋਈ ਜਿਸ ਅਨੁਸਾਰ ਪੰਜਾਬ, ਹਰਿਆਣਾ ਅਤੇ ਹਿਮਾਚਲ ਪ੍ਰਦੇਸ਼ ਦੇ ਸਾਰੇ ਇਤਿਹਾਸਕ ਗੁਰਦੁਆਰਿਆਂ ਨੂੰ ਸ਼੍ਰੋਮਣੀ ਕਮੇਟੀ ਦੇ ਪ੍ਰਬੰਧ ਅਧੀਨ ਲਿਆਂਦਾ ਗਿਆ। ਇਤਿਹਾਸਕ ਗੁਰਦੁਆਰਿਆਂ ਦੇ ਪ੍ਰਬੰਧ ਲਈ ਦਿੱਲੀ ਸਿੱਖ ਗੁਰਦੁਆਰਾ ਕਮੇਟੀ ਹੋਂਦ ਵਿੱਚ ਆਈ ਅਤੇ ਗੁਰਦੁਆਰਾ ਕਮੇਟੀ ਦੀ ਸਥਾਪਨਾ ਸਬੰਧੀ ਬਿਲ ਪਾਸ ਹੋਇਆ। ਇਸ ਦੇ ਨਾਲ ਹੀ ਨੁਮਾਇੰਦਿਆਂ ਦੀ ਚੋਣ ਪ੍ਰਕਿਰਿਆ ਦੀ ਵੀ ਸ਼ੁਰੂਆਤ ਹੋ ਗਈ। ਸਭ ਤੋਂ ਪਹਿਲਾਂ ਇਹ ਗੱਲ ਸਮਝਣੀ ਜ਼ਰੂਰੀ ਹੈ ਕਿ ਗੁਰਦੁਆਰਿਆਂ ਅਤੇ ਇਸ ਨਾਲ ਸਬੰਧਤ ਅਦਾਰਿਆਂ ਦਾ ਪ੍ਰਬੰਧ ਇੱਕ ਸੇਵਾ ਹੈ। ਜੇ ਕਾਰਜ ਨੂੰ ਸੇਵਾ ਸਮਝਿਆ ਜਾਵੇ ਤਾਂ ਚੋਣਾਂ ਦੀ ਜ਼ਰੂਰਤ ਹੀ ਨਹੀਂ ਰਹਿ ਜਾਂਦੀ ਪਰ ਜੇ ਕਾਨੂੰਨੀ ਤੌਰ 'ਤੇ ਚੋਣਾਂ ਦਾ ਹੋਣਾ ਲਾਜ਼ਮੀ ਹੈ ਤਾਂ ਫਿਰ ਗੁਰਦੁਆਰਾ ਚੋਣਾਂ ਸੁਚੱਜੇ ਢੰਗ ਅਤੇ ਗੁਰਸਿੱਖੀ ਆਸ਼ੇ ਅਨੁਸਾਰ ਹੋਣੀਆਂ ਚਾਹੀਦੀਆਂ ਹਨ। ਇਸ ਵਿੱਚ ਪ੍ਰਵਾਨਿਤ ਸਿੱਖੀ ਸਿਧਾਂਤਾਂ ਨੂੰ ਅੱਖੋਂ ਪਰੋਖੇ ਨਹੀਂ ਕੀਤਾ ਜਾ ਸਕਦਾ। ਇਸ ਨੂੰ ਬਦਕਿਸਮਤੀ ਹੀ ਕਿਹਾ ਜਾ ਸਕਦਾ ਹੈ ਕਿ ਹੁਣੇ ਹੋਈਆਂ ਗੁਰਦੁਆਰਾ ਕਮੇਟੀ ਚੋਣਾਂ ਵਿੱਚ ਸਿੱਖ ਸਿਧਾਂਤਾਂ ਨੂੰ ਤਿਲਾਂਜਲੀ ਦੇ ਦਿੱਤੀ ਗਈ। ਚਾਹੀਦਾ ਤਾਂ ਇਹ ਸੀ ਕਿ ਹਰ ਉਮੀਦਵਾਰ ਅਤੇ ਸਬੰਧਤ ਪਾਰਟੀ ਸਿੱਖ ਸੰਗਤ ਨੂੰ ਇਹ ਦੱਸਦੀ ਕਿ ਉਨ੍ਹਾਂ ਵੱਲੋਂ ਕਿਹੜੀ ਸੇਵਾ ਕੀਤੀ ਗਈ ਹੈ, ਨਾਮ ਸਿਮਰਨ ਦੀ ਲਹਿਰ ਵਿੱਚ ਉਨ੍ਹਾਂ ਦੀ ਕੀ ਦੇਣ ਹੈ, ਸਿੱਖੀ ਨੂੰ ਪ੍ਰਫੁੱਲਤ ਕਰਨ ਲਈ ਉਨ੍ਹਾਂ ਵੱਲੋਂ ਕੀ ਕੀਤਾ ਗਿਆ ਹੈ, ਕਿੰਨੇ ਕੁਰਾਹੇ ਪਏ ਲੋਕਾਂ ਨੂੰ ਪ੍ਰੇਰਿਤ ਕਰ ਕੇ ਮੁੜ ਸਿੱਖੀ ਸਰੂਪ ਅਤੇ ਸਿਧਾਂਤਾਂ ਨਾਲ ਜੋੜਿਆ ਗਿਆ ਹੈ ਪਰ ਆਗੂਆਂ ਅਤੇ ਚੋਣ ਲੜਨ ਵਾਲਿਆਂ ਵੱਲੋਂ ਜਿੱਥੇ ਆਪਣੇ ਵਿਰੋਧੀਆਂ ਪ੍ਰਤੀ ਭੱਦੀ ਸ਼ਬਦਾਵਲੀ ਦੀ ਵਰਤੋਂ ਕੀਤੀ ਗਈ ਉੱਥੇ ਭ੍ਰਿਸ਼ਟਾਚਾਰ, ਹੈਂਕੜਬਾਜ਼ੀ, ਬੇਨਿਯਮੀਆਂ ਦੇ ਇਲਜ਼ਾਮ ਲਾਉਣ ਤੋਂ ਇਲਾਵਾ ਇੱਕ-ਦੂਜੇ ਨੂੰ ਸਿਆਸੀ ਪਾਰਟੀਆਂ ਦਾ ਹੱਥਠੋਕਾ ਤਕ ਗਰਦਾਨਿਆ ਗਿਆ। ਇੰਨਾ ਹੀ ਨਹੀਂ, ਇੱਕ ਧਿਰ ਵੱਲੋਂ ਦੂਜੇ ਨੂੰ ਅਕਾਲ ਤਖ਼ਤ ਸਾਹਿਬ ਦੇ ਹੁਕਮ ਦਾ ਭਗੌੜਾ ਕਹਿ ਕੇ ਨਿੰਦਿਆ ਗਿਆ। ਵੋਟਰਾਂ ਨੂੰ ਆਪਣੇ ਪੱਖ ਵਿੱਚ ਕਰਨ ਲਈ ਸੰਤ ਸਮਾਜ ਅਤੇ ਕਈ ਡੇਰਾ ਮੁਖੀਆਂ ਨੂੰ ਲਿਆ ਕੇ, ਉਨ੍ਹਾਂ ਦੇ ਸੇਵਕਾਂ ਤੇ ਉਨ੍ਹਾਂ ਵੱਲੋਂ ਇੱਕ ਧੜੇ ਦੇ ਹੱਕ ਵਿੱਚ ਭੁਗਤਣ ਲਈ ਕਿਹਾ ਗਿਆ। ਇੱਥੋਂ ਤਕ ਕਿ ਸਿੱਖੀ ਦੀ ਪਨੀਰੀ ਸੰਭਾਲਣ ਵਾਲੀ ਦਮਦਮੀ ਟਕਸਾਲ ਦੇ ਮੁਖੀ ਨੇ ਵੀ ਇਨ੍ਹਾਂ ਚੋਣਾਂ ਵਿੱਚ ਸੰਗਤ ਨੂੰ ਇੱਕ ਧੜੇ ਦੀ ਹਮਾਇਤ ਕਰਨ ਲਈ ਕਿਹਾ। ਜੇਕਰ ਇਸ ਗੱਲ ਨੂੰ ਨਜ਼ਰਅੰਦਾਜ਼ ਵੀ ਕਰ ਦਿੱਤਾ ਜਾਵੇ ਤਾਂ ਇਸ ਤੋਂ ਅੱਗੇ ਜੋ ਕੁਝ ਹੋਇਆ ਉਹ ਬਹੁਤ ਦੁੱਖਦਾਈ ਅਤੇ ਸਿੱਖ ਹਿਰਦਿਆਂ ਨੂੰ ਵਲੂੰਧਰ ਕੇ ਰੱਖ ਦੇਣ ਵਾਲਾ ਹੈ। ਇਨ੍ਹਾਂ ਚੋਣਾਂ ਵਿੱਚ ਉਮੀਦਵਾਰਾਂ ਅਤੇ ਉਨ੍ਹਾਂ ਦੇ ਧੜਿਆਂ ਵੱਲੋਂ ਵੋਟਰਾਂ ਨੂੰ ਆਪਣੇ ਪਾਸੇ ਖਿੱਚਣ ਲਈ ਉਨ੍ਹਾਂ ਨੂੰ ਨੋਟਾਂ ਨਾਲ ਭਰਮਾਉਣ ਤੋਂ ਇਲਾਵਾ ਸ਼ਰਾਬ ਵੀ ਵੰਡੀ ਗਈ ਜੋ ਬੇਹੱਦ ਸ਼ਰਮਨਾਕ ਹੈ। ਪਹਿਲਾਂ ਕਦੇ ਵੀ ਦਿੱਲੀ ਗੁਰਦੁਆਰਾ ਕਮੇਟੀ ਚੋਣਾਂ ਵਿੱਚ ਅਜਿਹਾ ਕੁਝ ਨਹੀਂ ਸੀ ਹੋਇਆ। ਹੁਣ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਦਾ ਫ਼ਰਜ਼ ਬਣਦਾ ਹੈ ਕਿ ਉਹ ਇਸ ਗੱਲ ਦਾ ਗੰਭੀਰ ਨੋਟਿਸ ਲੈ ਕੇ ਉਨ੍ਹਾਂ ਪਾਰਟੀਆਂ ਦੇ ਨੇਤਾਵਾਂ ਅਤੇ ਉਮੀਦਵਾਰਾਂ ਨੂੰ ਤਲਬ ਕਰਨ ਜਿਨ੍ਹਾਂ ਨੇ ਅਜਿਹਾ ਕੀਤਾ।

ਗੁਰਦੁਆਰਾ ਚੋਣਾਂ ਦੌਰਾਨ ਪੈਸੇ ਅਤੇ ਸ਼ਰਾਬ ਦੀ ਵਰਤੋਂ ਕਰਨ ਵਾਲੇ ਲੋਕ ਸਿੱਖੀ ਨੂੰ ਪ੍ਰਫੁੱਲਤ ਕਰਨ ਲਈ ਕਿੰਨਾ ਕੁ ਵਚਨਬੱਧ ਹੋਣਗੇ, ਇਹ ਇੱਕ ਗੰਭੀਰ ਸਵਾਲ ਹੈ। ਦਿੱਲੀ ਗੁਰਦੁਆਰਾ ਕਮੇਟੀ ਦੀਆਂ ਚੋਣਾਂ ਸਬੰਧੀ ਗੱਲ ਕਰਦਿਆਂ ਪਿਛਲੇ 30 ਸਾਲਾਂ ਵਿੱਚ ਦਿੱਲੀ ਦੇ ਸਿੱਖਾਂ ਦੇ ਮਸਲਿਆਂ ਦਾ ਲੇਖਾ-ਜੋਖਾ ਕਰਨਾ ਵੀ ਜ਼ਰੂਰੀ ਹੈ। ਸਿੱਖ ਕੌਮ ਨਾਲ ਸਭ ਤੋਂ ਵੱਡਾ ਦੁਖਾਂਤ ਸੰਨ 1984 ਵਿੱਚ ਵਾਪਰਿਆ ਜਦੋਂ ਸਿੱਖਾਂ ਦੀ ਨਸਲਕੁਸ਼ੀ ਕੀਤੀ ਗਈ। ਦਿਨ-ਦਿਹਾੜੇ 3200 ਤੋਂ ਵੱਧ ਸਿੱਖਾਂ ਨੂੰ ਦਿੱਲੀ ਦੀਆਂ ਸੜਕਾਂ, ਬੱਸਾਂ ਅਤੇ ਰੇਲਗੱਡੀਆਂ ਵਿੱਚੋਂ ਉਤਾਰ ਕੇ ਮਾਰ ਦਿੱਤਾ ਗਿਆ। ਕਰੋੜਾਂ ਰੁਪਏ ਦੀਆਂ ਜਾਇਦਾਦਾਂ ਅਗਨ ਭੇਟ ਹੋ ਗਈਆਂ। ਇੰਨਾ ਕੁਝ ਹੋ ਜਾਣ ਦੇ ਬਾਵਜੂਦ ਅੱਜ ਤਕ ਇਸ ਦੁਖਾਂਤ ਦੇ ਦੋਸ਼ੀਆਂ ਨੂੰ ਫ਼ਾਂਸੀ ਦੀ ਸਜ਼ਾ ਨਹੀਂ ਮਿਲੀ ਹੈ। ਦੂਜੇ ਪਾਸੇ ਉਨ੍ਹਾਂ ਵਿਧਵਾ ਔਰਤਾਂ ਅਤੇ ਉਜੜੇ ਸਿੱਖ ਪਰਿਵਾਰਾਂ ਦੀ ਸਾਰ ਲੈਣ ਵਿੱਚ ਸਾਡੀਆਂ ਸਿੱਖ ਸੰਸਥਾਵਾਂ ਆਪਣੇ ਫ਼ਰਜ਼ਾਂ ਤੋਂ ਕਿਤੇ ਪਿਛਾਂਹ ਰਹਿ ਗਈਆਂ ਹਨ। ਕੇਂਦਰ ਸਰਕਾਰ ਵੱਲੋਂ ਸਿਰਫ਼ 664 ਵਿਧਵਾਵਾਂ ਨੂੰ ਨੌਕਰੀ ਦਿੱਤੀ ਗਈ ਹੈ। ਦਿੱਲੀ ਗੁਰਦੁਆਰਾ ਕਮੇਟੀ ਅਤੇ ਹੋਰ ਸਿੱਖ ਅਦਾਰਿਆਂ ਨੇ ਉਨ੍ਹਾਂ ਦੇ ਰੁਜ਼ਗਾਰ, ਕੁੱਲੀ, ਗੁੱਲੀ ਅਤੇ ਜੁੱਲੀ ਲਈ ਕੋਈ ਪੁਖ਼ਤਾ ਇੰਤਜ਼ਾਮ ਨਹੀਂ ਕੀਤੇ। ਦਿੱਲੀ ਛੱਡ ਕੇ ਪੰਜਾਬ ਵਿੱਚ ਆਏ ਹਜ਼ਾਰਾਂ ਸਿੱਖ ਪਰਿਵਾਰਾਂ ਨੂੰ ਕੇਂਦਰ ਸਰਕਾਰ ਵੱਲੋਂ ਪ੍ਰਵਾਨਿਤ 164 ਕਰੋੜ ਰੁਪਏ ਦੀ ਬਣਦੀ ਮਾਇਕ ਮਦਦ ਪੰਜਾਬ ਸਰਕਾਰ ਵੱਲੋਂ ਅੱਜ ਵੀ ਦੇਣੀ ਬਾਕੀ ਹੈ। ਨਵੰਬਰ 1984 ਤੋਂ ਬਾਅਦ ਹੁਣ ਪੰਜਾਬ ਵਿੱਚ ਪੰਜਵੀਂ ਵਾਰ ਅਕਾਲੀ-ਭਾਜਪਾ ਗੱਠਜੋੜ ਸਰਕਾਰ ਸਥਾਪਤ ਹੋਈ ਹੈ ਪਰ 28 ਸਾਲਾਂ ਦੇ ਲੰਮੇ ਅਰਸੇ ਤੋਂ ਬਾਅਦ ਵੀ ਦੰਗਾ ਪੀੜਤਾਂ ਨੂੰ ਮੁਆਵਜ਼ਾ ਨਹੀਂ ਮਿਲਿਆ ਹੈ। ਵਿਧਾਨ ਸਭਾ ਅਤੇ ਲੋਕ ਸਭਾ ਦੀਆਂ ਚੋਣਾਂ ਵੇਲੇ ਕੇਂਦਰ

(ਬਾਕੀ ਅਗਲੇ ਸਫੇ ਤੇ)

R.PAL SINGH TAX PROFESSIONAL
ENROLLED AGENT
BOOKKEEPING ACCOUNTS PAYROLLS
*TAX: All types of Tax Returns: Individual, Business, Sales Tax
- Incorporations
- Insurance-Life Only
- Notary Public

IRS e-file
CTEC California Tax Education Council Registered Tax Preparer

R.PAL SINGH
Enrolled Agent # 00097224-EA, CRTP #A44237
Realtor #01481514, Life Insurance Agent # 0G76896
39159 Paseo Padre Pkwy # 103, Fremont CA 94538
510-750-3464
singhrpal@sbcglobal.net , singhtax.com
"Authorized e-file Provider"
"Enrolled To Practice Before the IRS" EA

G.N EVENT RENTAL, INC
ਕਿਸੇ ਵੀ ਖੁਸ਼ੀ ਦੇ ਮੌਕੇ ਤੇ, ਵਿਆਹ-ਸ਼ਾਦੀਆਂ, ਸਨਮਾਨ ਸਮਾਰੋਹ, ਸਭਿਆਚਾਰਕ ਮੇਲਿਆਂ ਦੇ ਮੌਕੇ ਲਈ ਜਾਂ ਕਿਸੇ ਵੀ ਖਾਸ ਪ੍ਰੋਗਰਾਮ ਲਈ ਇਕ ਵਾਰ ਜ਼ਰੂਰ ਮੌਕਾ ਦਿਓ

ਕਿਸੇ ਵੀ ਪ੍ਰੋਗਰਾਮ ਲਈ ਟੈਂਟ, ਸ਼ਮਿਆਨਾ ਜਾਂ ਪਾਰਟੀ ਵਾਸਤੇ ਪੰਡਾਲ ਲਗਾਉਣ ਲਈ ਇਕ ਵਾਰ ਮੌਕਾ ਦਿਓ।
ਸੰਪਰਕ ਕਰੋ
1991 HARTOG DR, SANJOSE, CA 95131
408-859-4080

ਸੁਰ-ਸੰਗੀਤ ਸੰਸਾਰ

ਸਦੀਕ ਤੇ ਰਣਜੀਤ ਕੌਰ ਦੀ ਜੋੜਾ ਦਾ ਮਾਣਮੱਤਾ ਇਤਿਹਾਸ

ਜਗਤਾਰ ਸਿੰਘ ਗਿੱਲ, ਫਰੀਮਾਂਟ
(ਪੁਰਾਣੇ ਵਾਲਾ-ਮੋਗਾ) 408-857-4455

ਮੁਹੰਮਦ ਸਦੀਕ ਤੇ ਰਣਜੀਤ ਕੌਰ ਦੀ ਜੋੜੀ ਮਾਰਚ 1967 ਵਿਚ ਬਣੀ। ਇਸ ਤੋਂ ਪਹਿਲਾਂ ਦੋਵੇਂ ਹੀ ਹੋਰ ਕਲਾਕਾਰਾਂ ਨਾਲ ਗੀਤ ਕਰਵਾ ਚੁੱਕੇ ਸਨ। ਰਣਜੀਤ ਕੌਰ ਅਮਰ ਸਿੰਘ ਸ਼ੇਰਪੁਰੀ ਨਾਲ ਰਿਕਾਰਡ ਕਰਵਾ ਚੁੱਕੀ ਸੀ ਤੇ ਸਦੀਕ ਨਰਿੰਦਰ ਬੀਬਾ, ਰਾਜਿੰਦਰ ਰਾਜਨ, ਸਵਰਨ ਲਤਾ ਅਤੇ ਸੁਰਿੰਦਰ ਕੌਰ ਨਾਲ ਰਿਕਾਰਡ ਕਰਵਾ ਚੁੱਕਾ ਸੀ। ਇਹਨਾਂ ਦੀ ਮੁਲਾਕਾਤ ਦਿੱਲੀ ਐਚ. ਐਮ. ਵੀ. ਕੰਪਨੀ ’ਚੋਂ ਰਿਕਾਰਡ ਕਰਵਾਕੇ ਨਿਕਲਣ ਤੋਂ ਬਾਅਦ ਬੱਸ ਵਿਚ ਹੋਈ। ਸਦੀਕ ਮੂਹਰਲੀ ਬਾਰੀ ਚੜ੍ਹਿਆ ਅਤੇ ਸੀਟ ਮਿਲ ਗਈ। ਰਣਜੀਤ ਕੌਰ ਤੇ ਉਹਨਾਂ ਦੇ ਪਿਤਾ ਜਦ ਨੂੰ ਚੜ੍ਹੇ ਤਾਂ ਬੱਸ ਫੁੱਲ ਹੋ ਗਈ। ਰਣਜੀਤ ਕੌਰ ਨੂੰ ਖੜ੍ਹੀ ਵੇਖ ਕੇ ਬੜੀ ਨਿਮਰਤਾ ਨਾਲ ਕਿਹਾ, "ਬੀਬੀ ਤੁਸੀਂ ਬੈਠ ਜਾਓ।'' ਬਾਅਦ ਵਿਚ ਇਹ ਸ਼ਬਦ ਬੀਬੀ ਰਣਜੀਤ ਕੌਰ ਦੇ ਨਾਲ ਪੱਕਾ ਜੁੜ ਗਿਆ। ਸਦੀਕ ਤੇ ਰਣਜੀਤ ਕੌਰ ਦੇ ਪਿਤਾ ਆਤਮਾ ਸਿੰਘ ਗੱਲਾਂ ਕਰਦੇ ਰਹੇ। ਸਦੀਕ ਨੇ ਕਿਹਾ ਤੁਹਾਡੀ ਲੜਕੀ ਬਹੁਤ ਸੋਹਣਾ ਗਾਉਂਦੀ ਹੈ, ਇਸਨੂੰ ਕਿਸੇ ਨਾਲ ਸੈਟ ਬਣਾ ਲੈਣਾ ਚਾਹੀਦਾ ਹੈ। ਘਰ ਆ ਕੇ ਰਣਜੀਤ ਕੌਰ ਤੇ ਉਸਦੀ ਮਾਤਾ ਨਾਲ ਸਲਾਹ ਕੀਤੀ। ਅਗਲੇ ਦਿਨ ਆਤਮਾ ਸਿੰਘ ਸਦੀਕ ਨੂੰ ਮਿਲੇ ਤੇ ਉਸਨੇ ਹਾਂ ਕਰ ਦਿੱਤੀ। ਇਹਨਾਂ ਦਾ ਪਹਿਲਾ ਖਾੜਾ ਪਿੰਡ ਰਾਜੇਆਣਾ ਤਹਿਸੀਲ ਬਰਨਾਲਾ, ਜ਼ਿਲ੍ਹਾ ਸੰਗਰੂਰ ਵਿਚ 3 ਅਪ੍ਰੈਲ 1967 ਨੂੰ ਲੱਗਾ।

1967 ਵਿਚ ਇਹਨਾਂ ਦੀ ਪੱਥਰ ਦੇ ਤਵੇ ਤੇ ਰਿਕਾਰਡਿੰਗ ਹੋਈ, ਜਿਸਦੇ ਇਕ ਗੀਤ ਪਹਿਲੇ ਪਾਸੇ ਸੀ ਤੇ ਦੂਜਾ ਦੂਜੇ ਪਾਸੇ।

1. ਆਪੇ ਭੌਰ ਨੇ ਥੱਪੀਆਂ ਰੋਟੀਆਂ
ਆਪੇ ਈ ਦਾਲ ਬਣਾਈ ਨੀ
ਢਲ ਗਏ ਪਰਛਾਵੇਂ
ਕਿਹੜੀਆਂ ਸੁਨਾਂ ’ਚੋਂ ਆਈ ਨੀ।

2. ਪਹਿਲੇ ਨਰਾਤੇ ਲੈਣ ਆਗਿਆ
ਬਲਦ ਜੋੜ ਕੇ ਸਾਵੇ
ਨੀ ਮਾਂ ਮੈਨੂੰ ਤੋਰੀਂ ਨਾ
ਤੋਰੀ ਨਾ ਮੁਕਾਲਾਵੇ।

1968 ਵਿਚ ਅਗਲਾ ਪੱਥਰ ਦਾ ਤਵਾ ਮਾਰਕੀਟ ਵਿਚ ਆ ਗਿਆ ਤੇ ਇਸ ਵਿਚ ਵੀ ਦੋ ਗੀਤ ਹੀ ਸਨ:

1. ਜੇ ਤੂੰ ਸੁਨਿਆਰੇ ਕੋਲੋਂ ਨੱਤੀਆਂ ਘੜਾਉਣੀਆਂ
ਮੈਨੂੰ ਮੁੰਦਰੀ ’ਚ ਨਗ ਜੜਵਾ ਦੇ ਹਾਣੀਆ
ਵੇ ਮੈਨੂੰ ਚਾਂਦੀ ਦੀਆਂ,
ਚਾਂਦੀ ਦੀਆਂ ਝਾਂਜਰਾਂ ਘੜਾ ਦੇ ਹਾਣੀਆ।
2. ਤੇਰਾ ਲੈਣ ਮੁਕਲਾਵਾ ਨੀ ਮੈਂ ਆਇਆ ਬੱਲੀਏ
ਨੀ ਮੈਂ ਲੈ ਕੇ ਜਾਣਾ
ਬਿਨਾਂ ਸੱਦਿਉਂ ਬੁਲਾਇਉਂ ਵੇ ਆਇਆ ਜ਼ਾਲਮਾ
ਵੇ ਮੈਂ ਨਹੀਉਂ ਜਾਣਾ।

ਇਹ ਗੀਤ ਬਾਬੂ ਸਿੰਘ ਮਾਨ ਮਰਾੜਾਂ ਵਾਲੇ ਦੇ ਲਿਖੇ ਸਨ। ਇਹਨਾਂ ਗੀਤਾਂ ਨੇ ਪੰਜਾਬ ਦੇ ਬਨੇਰਿਆਂ ਤੇ ਧਮਾਲਾਂ ਪਾ ਦਿੱਤੀਆਂ ਤੇ ਘਰ ਘਰ ਇਸਦੀ ਚਰਚਾ ਹੋਣ ਲੱਗੀ।

ਲੋਕ ਇਸ ਜੋੜੀ ਨੂੰ ਆਪਣੇ ਵਿਆਹ ਮੰਗਣਿਆਂ ’ਚ ਲਗਵਾਉਣ ਲੱਗ ਪਏ ਤੇ ਕੋਈ ਦਿਨ ਆਇਆ, ਜਦ ਲੋਕ ਆਪਣੇ ਵਿਆਹਾਂ ਦੀਆਂ ਤਾਰੀਖਾਂ ਇਸ ਜੋੜੀ ਨੂੰ ਪੁੱਛ ਕੇ ਰੱਖਣ ਲੱਗ ਪਏ, ਕਿਉਂ ਇਹ ਜੋੜੀ ਦਿਨ ਵਿਚ ਤਿੰਨ ਤਿੰਨ ਖਾੜੇ ਲਾ ਕੇ ਵੀ ਵਿਆਹਾਂ ਸ਼ਾਦੀਆਂ ਤੇ ਪੂਰਾ ਨਹੀਂ ਉਤਰ ਪਾ ਰਹੀ ਸੀ। ਪੰਜਾਬ ਦਾ ਕੋਈ ਅਜਿਹਾ ਪਿੰਡ ਨਹੀਂ ਹੈ, ਜਿੱਥੇ ਇਸ ਜੋੜੀ ਦਾ ਖਾੜਾ ਨਾ ਲੱਗਿਆ ਹੋਵੇ। ਕਈ ਪਰਿਵਾਰਾਂ ’ਚ ਤਾਂ ਸਦੀਕ ਤਿੰਨ ਪੀਹੜੀਆਂ ਦੇ ਵਿਆਹਾਂ ਤੇ ਖਾੜੇ ਲਾ ਚੁੱਕਾ ਹੈ। ਸ਼ੁਰੂਆਤ ਵਿਚ ਮੁੰਡੇ ਦੇ, ਜਵਾਨੀ ਵਿਚ ਉਸਦੇ ਮੁੰਡੇ ਦੇ ਤੇ ਹੁਣ, ਉਸਦੇ ਮੁੰਡੇ ਭਾਵ ਪੋਤਰੇ ਦੇ ਵਿਆਹ ਵਿਚ। ਸਦੀਕ ਅੱਜ ਕਾਇਮ ਪਿਆ ਹੈ। ਇਸ ਤਰ੍ਹਾਂ ਚੱਲੀ ਗਿਆ ਤਾਂ ਬਜ਼ੁਰਗ ਹੋ ਚੁੱਕੇ ਕਿਸੇ ਚੋਬਰ ਦੇ ਪੜਪੋਤੇ ਦੇ ਵਿਆਹ ਤੇ ਵੀ ਖਾੜਾ ਜ਼ਰੂਰ ਲਾਵੇਗਾ।

ਇਸ ਸਮੇਂ ਤੱਕ ਸਦੀਕ ਤੇ ਦੀਦਾਰ ਚੰਗੇ ਦੋਸਤਾਂ ਤੋਂ ਉਸਤਾਦ ਸ਼ਾਗਿਰਦ ਵਿਚ ਬਦਲ ਚੁੱਕੇ ਸਨ ਤੇ ਸਦੀਕ ਦੀਦਾਰ ਦੇ ਲਿਖੇ ਚਾਰ ਸੋਲੋ ਗੀਤ ਗਾ ਚੁੱਕਾ ਸੀ। ਹੁਣ ਦੀਦਾਰ ਨੇ ਪਹਿਲਾ ਦੋਗਾਣਾ ਲਿਖਿਆ, ਜਿਸ ਵਿਚ ਸਦੀਕ ਦੀ ਤੂੰਬੀ ਤੇ ਰਣਜੀਤ ਕੌਰ ਦੇ ਮਿਸ਼ਰੀ ਵਰਗੇ ਬੋਲਾਂ ਦਾ ਕਮਾਲ ਸੁਣਨ ਵਾਲਾ ਹੈ। ਇਸ ਗੀਤ ਵਰਗੀ ਹੇਕ ਸਦੀਕ ਨੇ ਬਹੁਤ ਗੀਤਾਂ ਵਿਚ ਲਾਈ ਹੈ। ਇਸ ਗੀਤ ਨੇ ਦੀਦਾਰ ਨੂੰ ਚੋਟੀ ਦਾ ਗੀਤਕਾਰ ਤੇ ਇਸ ਜੋੜੀ ਨੂੰ ਸਿਰਮੌਰ ਜੋੜੀ ਬਣਾ ਦਿੱਤਾ। ਗੀਤ ਦੇ ਬੋਲ ਸਨ-

ਰਾਹੇ ਰਾਹੇ ਜਾਂਦਾ ਆਹ ਕੀ ਲੋਹੜਾ ਮਾਰ ਗਿਉਂ
ਸਾਨੂੰ ਨਿੱਕਾ ਜਿਹਾ ਕਰਕੇ ਮਖੌਲ
ਚੰਨਾ ਮੈਂ ਤੇਰਾ ਨਾਂ ਭੁੱਲ ਗਈ
ਪੈਣ ਕਾਲਜੇ ਹੌਲ
ਮੁੰਡਾ- ਨਿੱਤ ਨਵਾਂ ਡੰਗ ਮਾਰੇਂ ਨਿੱਤ ਦੇ ਮੁਸਾਫਰਾਂ ਨੂੰ
ਬਣ ਕੇ ਨਾਗਣੀ ਲੜ ਗਈ
ਸੁਰਮਾ ਪੰਜ ਰੱਤੀਆ
ਪਾ ਕੇ ਮੋੜ ਤੇ ਖੜ੍ਹ ਗਈ।

2. ਕੁੜੀ- ਕਿਸੇ ਬਹਾਨੇ ਆ ਵੇ ਹਾਣੀਆ
ਨਾ ਸਾਨੂੰ ਤੜਫਾ ਵੇ ਹਾਣੀਆ
ਨਾ ਕਰ ਹੁਣ ਦਿਲਗੀਰ
ਕੁੜਤੀ ਮਲਮਲ ਦੀ, ਵਿਚ ਭਾਫਾਂ ਛੱਡ ਸਰੀਰ।
ਮੁੰਡਾ- ਪਹਿਲਾਂ ਕੁੜੀ ਇਹ ਨਹੀਂ ਸੀ ਜਾਣਦੀ
ਕੱਢ ਕੇ ਕਾਲਜਾ ਲੈ ਗਈ ਹਾਣਦੀ
ਕਰਕੇ ਕੌਲ ਕਰਾਰ
ਕੰਨ ਵਿਚ ਗੱਲ ਕਰ ਗਈ, ਇਕ ਪਤਲੀ ਨਰਮ ਜਿਹੀ ਨਾਰ।

ਉਪਰਲੇ ਸਾਰੇ ਦੋ ਗਾਣਿਆਂ ਨੇ ਸਦੀਕ-ਰਣਜੀਤ ਕੌਰ ਦੀ ਜੋੜੀ ਨੂੰ ਉਸ ਸਮੇਂ ਦੀ ਮਸ਼ਹੂਰ ਜੋੜੀ ਹਰਚਰਨ ਗਰੇਵਾਲ ਤੇ ਸੀਮਾ ਦੇ ਬਰਾਬਰ ਲਿਆ ਖੜ੍ਹਾ ਕਰ ਦਿੱਤਾ। ਇਸਦਾ ਸਬੂਤ ਇੱਥੋਂ ਮਿਲਦਾ ਹੈ ਕਿ ਐਚ. ਐਮ. ਵੀ. ਨੇ ਅਗਲੇ ਪਲਾਸਟਿਕ ਦੇ ਤਵੇ ਵਿਚ ਇਕ ਪਾਸੇ ਗਰੇਵਾਲ ਤੇ ਸੀਮਾ ਦੇ ਦੋ ਗੀਤ ਰਿਕਾਰਡ ਕੀਤੇ, ਦੂਜੇ ਪਾਸੇ ਸਦੀਕ ਤੇ ਰਣਜੀਤ ਕੌਰ ਦੇ ਦੋ ਗੀਤ। ਗਰੇਵਾਲ ਦੇ ਗੀਤ ਸਨ-

1. ਹਾੜਾ ਵੇ ਮੇਰੇ ਲੜਿਆ ਠੂੰਹਾ
ਹਾਏ ਹਾਏ ਨੀ ਕਿੱਥੇ ਲੜਿਆ ਠੂੰਹਾ
2. ਖੇਤਾਂ ਦੇ ਵਿਚ ਵੇਲਾਂ ਨੀ ਪੱਤ ਹਰੇ
ਦੋ ਘੜੀਆਂ ਗੁਰਨਾਮ ਕੁਰੇ ਨੀ ਚੱਲ ਬਾਹਰਲੇ ਘਰੇ।

ਤਵੇ ਦੇ ਦੂਜੇ ਪਾਸੇ ਸਦੀਕ ਤੇ ਰਣਜੀਤ ਕੌਰ ਦੇ ਗੀਤ ਸਨ:

1. ਮੁੰਡਾ ਨੀ ਕਿਸੇ ਨਾਗ ਦਾ ਬੱਚਾ
ਅਸੀਂ ਕੀਲ ਕੇ ਪਟਾਰੀ ਵਿਚ ਪਾਇਆ
ਮੁੰਡਾ ਨੀ ਤਿੱਖਾ ਦਾਤ ਵਰਗਾ
ਤੇਰੇ ਗੋਰੀਏ ਪਸੰਦ ਕਿਉਂ ਨਹੀਂ ਆਇਆ।
2. ਕੁੜੀ- ਵੇ ਮੈਂ ਆਪ ਨਹੀਂ ਲਾਈਆਂ
ਗਈਆਂ ਆਪੇ ਅੱਖਾਂ ਲੱਗ
ਹੁਣ ਇਕ ਪਾਸੇ ਮੈਂ
ਦੂਜੇ ਪਾਸੇ ਸਾਰਾ ਜੱਗ
ਤੇਰੇ ਪਿਆਰ ਨੇ ਬਣਾਈ
ਵੇ ਜਵਾਨੀ ਮੇਰੀ ਅੱਗ
ਮਾਰ ਚੁੰਨੀ ਦੀਆਂ ਬੁੱਕਲਾਂ ਲੁਕਾਵਾਂ
ਵੇ ਮਿੱਤਰਾਂ ਦੇ ਤਿੱਤਰਾਂ ਨੂੰ ਮੈਂ ਤਲੀਆਂ ਤੇ ਚੋਗ ਚੁਗਾਵਾਂ।
ਮੁੰਡਾ- ਨੀ ਮੈਂ ਜਦੋਂ ਦੀਆਂ ਲਾਈਆਂ
ਮੇਰੀ ਲੱਗਦੀ ਨਾ ਅੱਖ
ਕਦੇ ਪੁੱਛ ਸਾਡਾ ਹਾਲ
ਹੱਥ ਕਾਲਜੇ ਤੇ ਰੱਖ।

6. ਤੇਰੇ ਵਰਗੀ ਨਾ ਕੋਈ
ਹੀਰਾਂ ਹੋਣਗੀਆਂ ਲੱਖਾਂ।
ਤੇਰੀ ਆਈ ਤੋਂ ਬਿੱਲੋ ਮੈਂ ਮਰ ਜਾਵਾਂ
ਨੀ ਲੱਗੜੀ ਦਾ ਫੁੱਲ ਬਣ ਕੇ ਤੇਰੀ ਹਿੱਕ ਤੇ ਲਟਕਦਾ ਆਵਾਂ।

ਹੁਣ ਇਸ ਜੋੜੀ ਦੇ ਖਾੜੇ ਪਿੰਡਾਂ ਵਿਚ ਆਮ ਲੱਗਣ ਲੱਗ ਪਏ। ਇਹ ਜੋੜੀ ਸਮੇਂ ਦੀ ਪਾਬੰਦ ਸੀ। ਪ੍ਰੋਗਰਾਮ ਤੇ ਸਮੇਂ ਤੋਂ ਪਹਿਲਾਂ ਪਹੁੰਚਣਾ ਇਹਨਾਂ ਦੀ ਖਾਸੀਅਤ ਸੀ ਤੇ ਇਸੇ ਕਰਕੇ ਤਿੰਨ ਤਿੰਨ ਖਾੜੇ ਲਾ ਜਾਂਦੇ ਸਨ। ਦੂਜੀਆਂ ਜੋੜੀਆਂ ਇਕ ਗੀਤ ਗਾ ਕੇ ਕਿਸੇ ਨਵੇਂ ਕਲਾਕਾਰ ਨੂੰ ਸਾਹ ਦਿਵਾਉਣ ਲਈ ਨਾਲ ਰੱਖਦੀਆਂ ਸਨ, ਉਹ ਇਕ ਗੀਤ ਗਾਉਂਦਾ। ਫਿਰ ਜਿਹਨਾਂ ਨੇ ਪੈਸੇ ਦਿੱਤੇ ਹੁੰਦੇ ਸਨ ਉਹਨਾਂ ਦੇ ਨਾਂ ਬੋਲੇ ਜਾਂਦੇ।

ਇਸ ਤਿੰਨ ਘੰਟਿਆਂ ਦੇ ਸਮੇਂ ਵਿਚ ਅਸਲ ਕਲਾਕਾਰ ਜੋੜੀ ਦਸ ਬਾਰਾਂ ਗੀਤ ਮਸਾਂ ਗਾਉਂਦੀ। ਪਰ ਸਦੀਕ ਤੇ ਰਣਜੀਤ ਕੌਰ ਦੀ ਜੋੜੀ ਇਕੋ ਸਾਹ ਪੰਜ ਛੇ ਗੀਤ ਗਾ ਕੇ ਬਹਿੰਦੀ। ਰਣਜੀਤ ਕੌਰ ਗੀਤ ਖਤਮ ਕਰਕੇ ਬਹਿਣ ਲੱਗਦੀ ਤੇ ਸਦੀਕ ਫਿਰ ਤੂੰਬੀ ਟਣਕਾ ਦਿੰਦਾ ਟੁਣ ਟੁਣ। ਰਣਜੀਤ ਕੌਰ ਹੱਸਦੀ ਹੱਸਦੀ ਫਿਰ ਮਾਈਕ ਮੂਹਰੇ ਆ ਜਾਂਦੀ ਤੇ ਨਵਾਂ ਦੋਗਾਣਾ ਸ਼ੁਰੂ ਹੋ ਜਾਂਦਾ। ਜਦ ਰਣਜੀਤ ਕੌਰ ਨੂੰ ਸਾਹ ਦਿਵਾਉਣਾ ਹੁੰਦਾ ਸੀ ਤਾਂ ਸਦੀਕ ਸੋਲੋ ਗੀਤ ਗਾ ਦਿੰਦਾ ਤੇ ਫਿਰ ਰਣਜੀਤ ਕੌਰ ਸੋਲੋ ਗੀਤ ਗਾ ਦਿੰਦੀ ਤੇ ਖਾੜਾ ਬੱਝਾ ਰਹਿੰਦਾ।

ਦੂਜੀਆਂ ਜੋੜੀਆਂ ਦੇ ਤਿੰਨ ਘੰਟਿਆਂ ਬਰਾਬਰ ਸਦੀਕ ਸਵਾ ਦੋ, ਢਾਈ ਘੰਟਿਆਂ ਵਿਚ ਮੁੱਲ ਮੋੜ ਜਾਂਦਾ ਤੇ ਅਗਲੇ ਖਾੜੇ ਲਈ ਹੋਰ ਪਿੰਡ ਨੂੰ ਚਾਲੇ ਪਾ ਦਿੰਦੇ। ਘੱਟ ਸਮੇਂ ਵਿਚ ਲੜਾਈ ਦੇ ਮੌਕੇ ਵੀ ਘੱਟ ਜਾਂਦੇ ਸਨ। ਇਸ ਤਰ੍ਹਾਂ ਸੁਣਨ ਵਾਲੇ ਵੀ ਖੁਸ਼ੀ, ਲਵਾਉਣ ਵਾਲੇ ਵੀ ਖੁਸ਼। ਤੇ ਇਹ ਜੋੜੀ ਵੀ ਖੁਸ਼। ਇਸ ਜੋੜੀ ਵਰਗਾ ਅਨੰਦ ਸਰੋਤਿਆਂ ਨੇ ਜੇ ਕਿਸੇ ਹੋਰ ਜੋੜੀ ਤੋਂ ਮਾਣਿਆ ਹੈ ਤਾਂ ਉਹ ਚਮਕੀਲਾ ਤੇ ਅਮਰਜੋਤ ਸਨ।

ਬਾਕੀ ਜੋੜੀਆਂ ਇਹਨਾਂ ਤੋਂ ਥੱਲੇ ਹਨ। ਹੋਰ ਜੋੜੀਆਂ ਵਾਲੇ ਹਮੇਸ਼ਾ ਕੁੜੀ ਨੂੰ ਘੱਟ ਪੈਸੇ ਦਿੰਦੇ ਰਹੇ ਹਨ ਪਰ ਸਦੀਕ ਦੀ ਸਿਫ਼ਤ ਕਰਨੀ ਬਣਦੀ ਹੈ ਕਿ ਉਹ ਰਣਜੀਤ ਕੌਰ ਨੂੰ ਬਰਾਬਰ ਦੇ ਪੈਸੇ ਦਿੰਦਾ ਰਿਹਾ ਹੈ ਤੇ ਹਰ ਦੁੱਖ-ਸੁੱਖ ਵਿਚ ਨਾਲ ਖੜ੍ਹਦਾ ਰਿਹਾ ਹੈ।

ਆਪਣੇ ਪਿਤਾ ਜੀ ਦੀ ਮੌਤ ਉਪਰੰਤ ਬੀਬੀ ਰਣਜੀਤ ਕੌਰ ਇੰਨਾ ਜ਼ਿਆਦਾ ਰੋਈ ਤੇ ਲੰਮੇ ਸਮੇਂ ਤੱਕ ਰੋਂਦੀ ਰਹੀ ਕਿ ਉਸਦੀ ਆਵਾਜ਼ ਬੈਠ ਗਈ। ਬਾਹਰਲੇ ਡਾਕਟਰਾਂ ਨੂੰ ਵੀ ਦਿਖਾਇਆ ਪਰ ਠੀਕ ਨਾ ਹੋ ਸਕੀ ਤੇ ਮਜਬੂਰਨ ਇਸ ਜੋੜੀ ਨੂੰ ਅਲੱਗ ਹੋਣਾ ਪਿਆ, ਜਿਸਦਾ ਸਰੋਤਿਆਂ ਨੂੰ ਬੇਹੱਦ ਦੁੱਖ ਹੈ। *(ਬਾਕੀ ਅਗਲੇ ਅੰਕ ਵਿਚ)*

(ਚਲਦਾ)

ਦਿੱਲੀ ਗੁਰਦੁਆਰਾ ਕਮੇਟੀ ਚੋਣਾਂ ਦੀ ਸਮੀਖਿਆ

ਅਤੇ ਕਾਂਗਰਸ ਨੂੰ ਸਿੱਖਾਂ ਦੀ ਤਰਜਮੰਦ ਪਾਰਟੀ ਕਹਿਣ ਵਾਲੀ ਸਰਕਾਰ ਆਪਣੇ ਫ਼ਰਜ਼ਾਂ ਤੋਂ ਪਿੱਛੇ ਕਿਉਂ ਹੈ?

ਇਨ੍ਹਾਂ ਦੰਗਾ ਪੀੜਤ ਪਰਿਵਾਰਾਂ ਲਈ ਦਿੱਲੀ ਸਰਕਾਰ ਨੇ ਉਨ੍ਹਾਂ ਨੂੰ ਇੱਕ-ਇੱਕ ਕਮਰੇ ਦੇ ਫਲੈਟ ਅਲਾਟ ਕੀਤੇ ਹਨ। ਅੱਜ ਦੀ ਦਿੱਲੀ ਗੁਰਦੁਆਰਾ ਕਮੇਟੀ ਨੂੰ ਪੰਜਾਬ ਸਰਕਾਰ ਨੂੰ ਕੋਈ ਸਕੀਮ ਬਣਾ ਕੇ ਇਨ੍ਹਾਂ ਗ਼ਰੀਬ ਪਰਿਵਾਰਾਂ ਲਈ ਮੁਹਾਲੀ, ਚੰਡੀਗੜ੍ਹ ਦੇ ਲਾਗੇ ਲੁਧਿਆਣੇ ਅਤੇ ਪਟਿਆਲੇ ਕੋਲ 2000 ਮਕਾਨ ਬਣਾ ਕੇ ਦੇਣ ਲਈ ਕਹਿਣ ਦੀ ਲੋੜ ਹੈ। ਇਸ ਕੰਮ ਲਈ ਕੁਝ ਦਾਨੀ ਅਦਾਰਿਆਂ ਅਤੇ ਡੇਰਿਆਂ ਦਾ ਸਹਿਯੋਗ ਵੀ ਲਿਆ ਜਾ ਸਕਦਾ ਹੈ। ਦਿੱਲੀ ਗੁਰਦੁਆਰਾ ਕਮੇਟੀ ਨੂੰ ਇਸ ਕੰਮ ਵਿੱਚ ਪਹਿਲ ਕਰਨ ਦੀ ਜ਼ਰੂਰਤ ਹੈ। ਇਨ੍ਹਾਂ ਸਿੱਖ ਪਰਿਵਾਰਾਂ ਨੂੰ ਮੁਕੰਮਲ ਭਰੋਸਾ ਦਿਵਾਉਣ ਦੀ ਲੋੜ ਹੈ ਕਿ ਸਮੁੱਚੀ ਕੌਮ ਉਨ੍ਹਾਂ ਦੇ ਨਾਲ ਹੈ। ਹਰ ਉਸ ਪਰਿਵਾਰ ਦੇ ਇੱਕ ਮੈਂਬਰ ਨੂੰ ਸਰਕਾਰੀ ਜਾਂ ਗੈਰ-ਸਰਕਾਰੀ ਨੌਕਰੀ ਦਿਵਾਈ ਜਾਵੇ। ਇਸ ਸਬੰਧੀ ਘੱਟੋ-ਘੱਟ ਇੱਕ ਸਾਲ ਵਿੱਚ ਇੱਕ ਹਜ਼ਾਰ ਪਰਿਵਾਰਾਂ ਦੇ ਇੱਕ ਜੀਅ ਨੂੰ ਯੋਗਤਾ ਮੁਤਾਬਕ ਰੁਜ਼ਗਾਰ ਦਿੱਤਾ ਜਾਵੇ। ਦਿੱਲੀ ਕਮੇਟੀ ਦਾ ਹਰ ਚੁਣਿਆ ਹੋਇਆ ਮੈਂਬਰ ਇਸ ਗੱਲ ਦੀ ਸਹੁੰ ਚੁੱਕੇ ਕਿ ਉਹ 15 ਦਿਨਾਂ ਵਿੱਚ ਪੂਰਨ ਅੰਮ੍ਰਿਤਧਾਰੀ ਬਣੇਗਾ। ਦਿੱਲੀ ਕਮੇਟੀ ਨਿਰਪੱਖ, ਯੋਗ ਅਤੇ ਉੱਚੇ ਕਿਰਦਾਰ ਵਾਲੇ ਮਾਹਰਾਂ ਦਾ ਇੱਕ ਬੋਰਡ ਗਠਿਤ ਕਰੇ ਤਾਂ ਜੋ ਵਿਦਿਅਕ ਅਦਾਰੇ ਸੁਚੱਜੇ ਢੰਗ ਨਾਲ ਚਲਾਏ ਜਾ ਸਕਣ। ਆਪਸੀ ਵੈਰ-ਵਿਰੋਧ ਅਤੇ ਬਦਲੇ ਦੀ ਭਾਵਨਾ ਨੂੰ ਤਿਆਗ ਕੇ ਬਾਕੀ ਰਹਿੰਦੇ ਕੰਮਾਂ ਜਿਵੇਂ- ਬਾਲਾ ਸਾਹਿਬ ਵਿਖੇ ਹਸਪਤਾਲ, ਗੁਰਦੁਆਰਿਆਂ ਵਿੱਚ ਪਾਰਕਿੰਗ ਅਤੇ ਹੋਰ ਕੰਮਾਂ ਨੂੰ ਨਿਪਟਾਇਆ ਜਾਵੇ। ਹਰ ਮੈਂਬਰ ਖ਼ੁਦ-ਬ-ਖ਼ੁਦ ਇਹ ਡਿਊਟੀ ਲਵੇ ਕਿ ਉਹ ਇੱਕ ਸਾਲ ਵਿੱਚ 21 ਪਤਿਤ ਸਿੱਖਾਂ ਨੂੰ ਪ੍ਰੇਰਿਤ ਕਰ ਕੇ ਮੁੜ ਸਿੱਖੀ ਸਰੂਪ ਅਤੇ ਸਿੱਖ ਸਿਧਾਂਤਾਂ ਨਾਲ ਜੋੜੇਗਾ। ਇੱਕ ਧਿਰ ਵੱਲੋਂ ਦੂਜੀ ਧਿਰ ਜਾਂ ਗੁਰਦੁਆਰੇ ਕਮੇਟੀ ’ਤੇ ਕੀਤੇ ਗਏ ਸਾਰੇ ਮੁਕੱਦਮੇ ਵਾਪਸ ਲਏ ਜਾਣ। ਇਨ੍ਹਾਂ ਸਾਰੀਆਂ ਗੱਲਾਂ ’ਤੇ ਅਮਲ ਕਰਨਾ ਇਨ੍ਹਾਂ ਮੈਂਬਰਾਂ ਦਾ ਫ਼ਰਜ਼ ਬਣਦਾ ਹੈ, ਤਾਂ ਹੀ ਕੌਮ ਇਨ੍ਹਾਂ ਦਾ ਸਤਿਕਾਰ ਕਰ ਸਕੇਗੀ।

ਪੰਥਕ ਸਖਸ਼ੀਅਤਾਂ ਦੀ ਹਾਜ਼ਰੀ ਵਿੱਚ ਰੋਜ਼ਾਨਾ ਪੰਜਾਬ ਟਾਇਮਜ਼ ਦਾ ਸ਼ੁਭ ਆਰੰਭ

ਜਲੰਧਰ- ਪੰਜਾਬ ਟਾਇਮਜ਼ ਚੈਰੀਟੇਬਲ ਟਰੱਸਟ ਵੱਲੋਂ ਪੱਤਰਕਾਰਤਾ ਨੂੰ ਨਵੀਂ ਦਿਸ਼ਾ ਦੇਣ ਲਈ ਜਲੰਧਰ ਵਿੱਚ ਇੱਕ ਨਵਾਂ ਪੰਜਾਬੀ ਅਖਬਾਰ ਰੋਜ਼ਾਨਾ ਪੰਜਾਬ ਟਾਇਮਜ਼ ਸ਼ੁਰੂ ਕੀਤਾ ਗਿਆ ਹੈ। ਇਸ ਅਖਬਾਰ ਦੇ ਆਰੰਭ ਮੌਕੇ ਜਲੰਧਰ ਦੇ ਗੁਰਦੁਆਰਾ ਸ਼੍ਰੀ ਗੁਰੂ ਸਿੰਘ ਸਭਾ, ਮਾਡਲ ਟਾਊਨ ਵਿਖੇ ਇੱਕ ਵਿਸ਼ਾਲ ਪ੍ਰੋਗਰਾਮ ਰੱਖਿਆ ਗਿਆ। ਜਿਸ ਵਿੱਚ ਵੱਡੀ ਗਿਣਤੀ ਵਿੱਚ ਸੰਗਤ ਨੇ ਹਾਜ਼ਰੀ ਭਰੀ। ਇਸ ਮੌਕੇ ’ਤੇ ਪੰਥਕ ਸਖਸ਼ੀਅਤਾਂ ਦੀ ਹਾਜ਼ਰੀ ਵਿੱਚ ਅਖਬਾਰ ਰਿਲੀਜ਼ ਕੀਤਾ ਗਿਆ। ਇਸ ਤੋਂ ਪਹਿਲਾਂ ਅਖਬਾਰ ਦੀ ਚੜ੍ਹਦੀ ਕਲਾ ਲਈ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਹਿਜ ਪਾਠਾਂ ਦੇ ਭੋਗ ਪਾਏ ਗਏ ਅਤੇ ਅਰਦਾਸ ਕੀਤੀ ਗਈ। ਭਾਈ ਸਹਿਤਾਬ ਸਿੰਘ ਜੀ ਅਤੇ ਸਾਥੀਆਂ ਵੱਲੋਂ ਰੱਸ-ਭਿੰਨਾਂ ਕੀਰਤਨ ਕੀਤਾ ਗਿਆ।

ਅਖਬਾਰ ਦੇ ਸੰਪਾਦਕ ਸ. ਬਲਜੀਤ ਸਿੰਘ ਬਰਾੜ ਦੀ ਅਗਵਾਈ ਹੇਠ ਕੀਤੇ ਗਏ ਸਮਾਗਮ ਦੌਰਾਨ ਉੱਘੇ ਸਿੱਖ ਪ੍ਰਚਾਰਕ ਅਤੇ ਪੰਥਕ ਸੇਵਾ ਲਹਿਰ ਦੇ ਮੁਖੀ ਸੰਤ ਬਾਬਾ ਬਲਜੀਤ ਸਿੰਘ ਖਾਲਸਾ ਦਾਦੂ ਸਾਹਿਬ ਨੂੰ ਪੰਜਾਬ ਟਾਇਮਜ਼ ਚੈਰੀਟੇਬਲ ਟਰੱਸਟ ਦਾ ਚੇਅਰਮੈਨ ਚੁਣੇ ਜਾਣ ਦਾ ਐਲਾਨ ਕੀਤਾ ਗਿਆ। ਉਨ੍ਹਾਂ ਨੇ ਇਸ ਮੌਕੇ ’ਤੇ ਭਰੋਸਾ ਦਿੱਤਾ ਕਿ ਨਵਾਂ ਰੋਜ਼ਾਨਾ ਅਖਬਾਰ ਸਿੱਖ ਪੰਥ ਅਤੇ ਪੰਜਾਬ ਦੀ ਸੱਚੇ ਦਿਲ ਨਾਲ ਸੇਵਾ ਕਰੇਗਾ।
ਉਹਨਾਂ ਦਾ ਕਹਿਣਾ ਸੀ ਕਿ ਇਸ ਅਖਬਾਰ ਦੇ ਪ੍ਰਬੰਧ ਵਿੱਚ ਪੰਥਕ ਸਖਸ਼ੀਅਤਾਂ ਨੂੰ ਬਕਾਇਦਾ ਸ਼ਾਮਿਲ ਕੀਤਾ ਜਾਵੇਗਾ।

ਸਮਾਗਮ ਵਿੱਚ ਸ਼ਾਮਲ ਪੰਥਕ ਸਖਸ਼ੀਅਤਾਂ ਅਤੇ ਮੀਡੀਆ ਨਾਲ ਜੁੜੀਆਂ ਹਸਤੀਆਂ ਵੱਲੋਂ ਬਲਬਲੇ ਭਰਪੂਰ ਵਿਚਾਰ ਪ੍ਰਗਟ ਕੀਤੇ ਗਏ। ਸੰਗਤਾਂ ਨੂੰ ਸੰਬੋਧਨ ਕਰਨ ਵਾਲਿਆਂ ਵਿੱਚ ਰੋਜ਼ਾਨਾ ਅਜੀਤ ਦੇ ਮੁੱਖ ਸੰਪਾਦਕ ਡਾ. ਬਰਜਿੰਦਰ ਸਿੰਘ ਹਮਦਰਦ ਤੋਂ ਇਲਾਵਾ ਸ਼੍ਰੋਮਣੀ ਅਕਾਲੀ ਦਲ ਅਮ੍ਰਿਤਸਰ ਦੇ ਪ੍ਰਧਾਨ, ਸਾਬਕਾ ਐਮ.ਪੀ. ਸ. ਸਿਮਰਨਜੀਤ ਸਿੰਘ ਮਾਨ, ਦਮਦਮੀ ਟਕਸਾਲ ਦੇ ਮੁੱਖ ਬੁਲਾਰੇ ਅਤੇ ਖਾਲਸਾ ਐਕਸ਼ਨ ਕਮੇਟੀ ਦੇ ਮੁਖੀ ਭਾਈ ਮੋਹਕਮ ਸਿੰਘ, ਦਲ ਖਾਲਸਾ ਦੇ ਮੁੱਖ ਪੰਚ ਭਾਈ ਹਰਚਰਨਜੀਤ ਸਿੰਘ ਧਾਮੀ, ਸੰਤ ਬਾਬਾ ਪਰਦੀਪ ਸਿੰਘ ਚਾਂਦਪੁਰਾ, ਸਾਬਕਾ ਐਮ.ਪੀ. ਸ. ਰਾਜਦੇਵ ਸਿੰਘ, ਜੱਥੇਦਾਰ ਜਗਜੀਤ ਸਿੰਘ ਗਾਬਾ ਪ੍ਰਧਾਨ ਗੁਰਦੁਆਰਾ ਨੌਵੀਂ ਪਾਤਸ਼ਾਹੀ ਗੁਰੂ ਤੇਗ ਬਹਾਦੁਰ ਨਗਰ ਜਲੰਧਰ, ਭਾਈ ਪਰਮਜੀਤ ਸਿੰਘ ਸਹੋਲੀ ਪ੍ਰਧਾਨ ਯੂਥ ਅਕਾਲੀ ਦਲ ਆਜ਼ਾਦ, ਭਾਈ ਰਾਜਿੰਦਰ ਸਿੰਘ ਅਤੇ ਯੂ.ਐਸ.ਏ. ਤੋਂ ਭਾਈ ਹਰਦੇਵ ਸਿੰਘ ਗੋਲਡੀ ਸ਼ਾਮਲ ਸਨ।

ਸੰਪਾਦਕੀ

ਪੰਜਾਬ ਕਿਸੇ ਸਮੇਂ ਜਦੋਂ ਹਰੀ ਕ੍ਰਾਂਤੀ ਦੀ ਸ਼ੁਰੂਆਤ ਹੋਈ ਸੀ ਤਾਂ ਮਾਲੀਏ ਪੱਖੋਂ ਪਹਿਲੇ ਨੰਬਰ ਦਾ ਸੂਬਾ ਬਣ ਗਿਆ ਸੀ। ਉਸ ਵਕਤ ਆਰਥਿਕ ਤਾਣੇ-ਬਾਣੇ ਅਤੇ ਗਤੀਵਿਧੀਆਂ ਵਿਚ ਇੰਨੀ ਤੇਜ਼ੀ ਆਈ ਕਿ ਪੰਜਾਬ ਇਕ ਖੁਸ਼ਹਾਲ ਸੂਬੇ ਵਜੋਂ ਤੇਜ਼ੀ ਨਾਲ ਉਭਰਿਆ। ਇਸ ਤੋਂ ਬਾਅਦ ਦੀਆਂ ਸਰਕਾਰਾਂ ਨੇ ਪੰਜਾਬ ਦੀ ਇਸ ਮਾਲੀ ਹਾਲਤ ਨੂੰ ਦਰੁੱਸਤ ਰੱਖਣ ਦੀ ਕੋਸ਼ਿਸ਼ ਹੀ ਨਹੀਂ ਕੀਤੀ ਅਤੇ ਵਿਚਕਾਰ ਪੰਜਾਬ ਵਿਚ ਚੱਲੀਆਂ ਗਰਮਪੰਥੀ ਲਹਿਰਾਂ ਅਤੇ ਐਮਰਜੈਂਸੀ ਦੇ ਕਾਰਨ ਪੰਜਾਬੀ ਮਾਲੀਏ ਪੱਖੋਂ ਲਗਾਤਾਰ ਪਿੱਛੇ ਪੈਂਦਾ ਚਲਿਆ ਗਿਆ। ਅੱਜ ਹਾਲਾਤ ਇਹ ਹਨ ਕਿ ਪੰਜਾਬ ਭਾਰਤ ਦਾ ਸਭ ਤੋਂ ਵੱਡਾ ਕਰਜ਼ਾਈ ਸੂਬਾ ਹੈ ਅਤੇ ਇਸ ਸੂਬੇ ਦੀਆਂ ਦੇਣਦਾਰੀਆਂ ਆਮਦਨ ਤੋਂ ਕਿਤੇ ਜ਼ਿਆਦਾ ਅੱਗੇ ਵੱਧ ਚੁੱਕੀਆਂ ਹਨ। ਸਬਸਿਡੀਆਂ ਦੀ ਸਿਆਸਤ ਅਤੇ ਵੋਟਾਂ ਬਟੋਰਨ ਲਈ ਖਜ਼ਾਨੇ ਦੀ ਅੰਨ੍ਹੇਵਾਹ ਦੁਰਵਰਤੋਂ ਦੇ ਕਾਰਨ ਹੁਣ ਪੰਜਾਬ ਦੀ ਮਾਲੀ ਹਾਲਤ ਇਹ ਹੈ ਕਿ ਸੂਬਾ ਹੁਣ 6ਵੇਂ ਤੋਂ ਦਸਵੇਂ ਨੰਬਰ ਉਤੇ ਜਾ ਪਿਆ ਹੈ।

ਭਾਰਤ ਦੇ ਵੱਖ-ਵੱਖ ਸੂਬਿਆਂ ਦੀ ਆਰਥਿਕ ਮਜਬੂਤੀ ਪੱਖੋਂ ਦਰਜਾਬੰਦੀ ਕਰਨ ਦੇ ਸਬੰਧ 'ਚ 'ਕੈਟੋ ਇੰਸਟੀਚਿਊਟ, ਅਮਰੀਕਾ' ਦੇ ਖੋਜ ਫੈਲੋ ਅਰਥ ਵਿਗਿਆਨੀ ਪ੍ਰੋ. ਸਵਾਮੀਨਾਥਨ ਅਈਅਰ, 'ਸੈਂਟਰ ਫਾਰ ਪਾਲਿਸੀ ਰਿਸਰਚ, ਦਿੱਲੀ' ਦੇ ਅਰਥ ਵਿਗਿਆਨੀ ਅਤੇ ਪ੍ਰੋ. ਬਿਬੇਕ ਦੇਵਰਾਇ, 'ਭਾਰਤੀ ਖੇਤੀ ਲਾਗਤਾਂ ਅਤੇ ਕੀਮਤਾਂ ਕਮਿਸ਼ਨ' ਦੇ ਚੇਅਰਮੈਨ ਡਾ. ਅਸ਼ੋਕ ਗੁਲਾਟੀ ਅਤੇ ਅਰਥ ਵਿਗਿਆਨੀ ਡਾ. ਲਿਵੇਸ਼ ਭੰਡਾਰੀ ਦੁਆਰਾ ਤਿਆਰ ਕੀਤੀ ਗਈ 'ਭਾਰਤ ਆਰਥਿਕ ਆਜ਼ਾਦੀ ਰਿਪੋਰਟ, 2012' ਦੇ ਵੇਰਵੇ ਦਿੰਦਿਆਂ ਪ੍ਰੋ. ਸਵਾਮੀਨਾਥਨ ਅਈਅਰ ਨੇ ਦੱਸਿਆ ਕਿ ਪੰਜਾਬ ਵੱਲੋਂ ਆਰਥਿਕ ਮੋਰਚੇ ਉੱਤੇ ਮੱਲਾਂ ਮਾਰਨ ਸਬੰਧੀ ਦਾਅਵੇ ਸਿਰਫ਼ ਖਿਆਲੀ ਕਿਲੇ ਹਨ, ਜਦਕਿ ਸੱਚਾਈ ਤਾਂ ਇਹ ਹੈ ਕਿ ਸੂਬੇ ਦੀ ਆਰਥਿਕ ਸਥਿਤੀ ਬਹੁਤ ਮਾੜੀ ਹੋ ਚੁੱਕੀ ਹੈ। ਹਾਲਤ ਇੰਨੀ ਮਾੜੀ ਹੈ ਕਿ ਦੇਸ਼ ਦੇ ਮੋਹਰੀ ਸੂਬਿਆਂ ਵਿੱਚ ਸ਼ਾਮਲ ਪੰਜਾਬ 6 ਸਾਲਾਂ (2005-2011) ਵਿੱਚ ਹੀ 6ਵੇਂ ਸਥਾਨ ਤੋਂ 12ਵੇਂ ਸਥਾਨ 'ਤੇ ਆ ਗਿਆ ਹੈ। ਇਸ ਰਿਪੋਰਟ ਅਨੁਸਾਰ ਪੰਜਾਬ ਦੇ ਲੋਕਾਂ ਨੂੰ ਇਸ ਭਰਮ ਵਿੱਚ ਰੱਖਿਆ ਜਾ ਰਿਹਾ ਹੈ ਕਿ ਪੰਜਾਬ ਸਰਹੱਦੀ ਸੂਬਾ ਜਾਂ ਖਾੜਕੂਵਾਦ ਤੋਂ ਪੀੜਤ ਹੋਣ ਕਾਰਨ ਆਰਥਿਕ ਪੱਖੋਂ ਪਛੜਿਆ ਹੈ, ਜਦਕਿ ਸੱਚਾਈ ਇਹ ਹੈ ਕਿ ਬਿਜਲੀ ਸਬਸਿਡੀ ਦੇ ਭਾਰੀ ਬੋਝ ਕਾਰਨ ਸੂਬੇ ਦਾ ਲੱਕ ਟੁੱਟ ਗਿਆ ਹੈ। ਖੇਤੀ-ਪ੍ਰਧਾਨ ਸੂਬਾ ਮੰਡੀਕਰਨ ਵਿੱਚ ਫਾਡੀ ਰਹਿ ਗਿਆ ਹੈ ਅਤੇ ਸੇਵਾਵਾਂ ਖੇਤਰ ਵਿੱਚ ਕਾਫ਼ੀ ਪਛੜ ਗਿਆ ਹੈ। ਪ੍ਰੋ. ਸਵਾਮੀਨਾਥਨ ਅਈਅਰ ਨੇ ਕਿਹਾ ਕਿ ਸੂਬੇ ਦੇ ਪਛੜੇਪਨ ਦਾ ਸਭ ਤੋਂ ਵੱਡਾ ਕਾਰਨ ਕਿਸਾਨਾਂ ਨੂੰ ਮੁਫ਼ਤ ਬਿਜਲੀ ਦੀ ਸਹੂਲਤ ਦੇਣਾ ਹੈ। 1960 ਅਤੇ 1970ਵਿਆਂ ਦੇ ਦਹਾਕਿਆਂ ਦੌਰਾਨ ਹੋਰ ਸੂਬਿਆਂ ਲਈ ਚਾਨਣ ਮੁਨਾਰਾ ਬਣੇ ਪੰਜਾਬ ਸੂਬੇ ਦਾ ਖ਼ਜ਼ਾਨਾ ਖਾਲੀ ਹੈ। ਸੂਬੇ ਦੀ ਮਾੜੀ ਵਿੱਤੀ ਹਾਲਤ ਦਾ ਇੱਕ ਹੋਰ ਕਾਰਨ ਇਹ ਵੀ ਹੈ ਕਿ ਇੱਥੇ ਕੋਈ ਵੱਡਾ ਨਿਵੇਸ਼ ਨਹੀਂ ਹੋ ਰਿਹਾ ਜਿਸ ਲਈ ਬਿਜਲੀ ਦੀ ਘਾਟ ਅਤੇ ਜ਼ਮੀਨ ਦੇ ਉੱਚੇ ਭਾਅ ਮੁੱਖ ਤੌਰ 'ਤੇ ਜ਼ਿੰਮੇਵਾਰ ਹਨ। ਇਸ ਤੋਂ ਇਲਾਵਾ ਸੂਬੇ ਦੇ ਕਿਸਾਨ ਕਣਕ-ਝੋਨੇ ਦੇ ਚੱਕਰ ਵਿੱਚ ਫਸੇ ਹੋਏ ਹਨ। ਪੰਜਾਬ ਵਿੱਚ ਕਿਸੇ ਵੱਡੇ ਨਿਵੇਸ਼ ਨਾ ਆਉਣ ਦਾ ਕਾਰਨ ਸੂਬੇ ਵਿੱਚ ਬਿਜਲੀ ਦੀ ਘਾਟ ਅਤੇ ਜ਼ਮੀਨਾਂ ਦੇ ਉੱਚੇ ਭਾਅ ਦੱਸੇ ਗਏ ਹਨ। ਪੰਜਾਬ ਨਾਲ ਦਰਿਆਈ ਪਾਣੀ ਦੀ ਵੰਡ ਸਬੰਧੀ ਕੀਤੀ ਗਈ ਬੇਇਨਸਾਫ਼ੀ ਸੂਬੇ ਵਿੱਚ ਬਿਜਲੀ ਦੀ ਘਾਟ ਦਾ ਇੱਕ ਮੁੱਖ ਕਾਰਨ ਬਣਦੀ ਹੈ ਅਤੇ ਨਤੀਜੇ ਵਜੋਂ ਸੂਬੇ ਦੀ ਥਰਮਲ ਪਲਾਂਟਾਂ ਉੱਪਰ ਵਧਦੀ ਨਿਰਭਰਤਾ ਸਰਕਾਰੀ ਖ਼ਜ਼ਾਨੇ ਉੱਪਰ ਬੋਝ ਬਣਦੀ ਹੈ। ਪਿਛਲੇ ਚਾਰ ਦਹਾਕਿਆਂ ਤੋਂ ਵੱਧ ਸਮੇਂ ਦੌਰਾਨ ਦੇਸ਼ ਦੇ ਅੰਨ ਦੇ ਭੰਡਾਰ ਨੂੰ ਘਾਟਾ ਸਹਿ ਕੇ ਭਰਨ ਦੇ ਬਾਵਜੂਦ ਵੱਡੇ ਉਦਯੋਗਾਂ ਦੇ ਵਿਕਾਸ ਵੱਲ ਪੰਜਾਬ ਸਰਕਾਰ ਦੀ ਅਣਗਹਿਲੀ ਦੀ ਗੱਲ ਬੇਤੁਕੀ ਲੱਗਦੀ ਹੈ ਕਿਉਂਕਿ ਇਸ ਸਮੇਂ ਦੌਰਾਨ ਬਾਹਰਲੇ ਦੇਸ਼ਾਂ ਤੋਂ ਅਨਾਜ ਮੰਗਵਾਉਣ ਤੋਂ ਖਹਿੜਾ ਪੰਜਾਬ ਨੇ ਹੀ ਛੁਡਾਇਆ ਸੀ ਅਤੇ ਆਉਣ ਵਾਲੇ ਸਮੇਂ ਦੌਰਾਨ ਵੀ ਪੰਜਾਬ ਇਹ ਸਮਰੱਥਾ ਰੱਖਦਾ ਹੈ। ਇਸ ਰਿਪੋਰਟ ਵਿੱਚ ਪੰਜਾਬ ਦੀ ਮਾੜੀ ਆਰਥਿਕ ਸਥਿਤੀ ਬਾਰੇ ਦੱਸੇ ਗਏ ਕਾਰਨਾਂ, ਇਸ ਨੂੰ ਬਿਹਤਰ ਕਰਨ ਲਈ ਦਿੱਤੇ ਗਏ ਸੁਝਾਵਾਂ ਅਤੇ ਪੰਜਾਬ ਸਰਕਾਰ ਵੱਲੋਂ ਚੁੱਕੇ ਗਏ ਸੁਚਾਰੂ ਕਦਮਾਂ ਦਾ ਵਿਸ਼ਲੇਸ਼ਣ ਕਰਨ ਸਮੇਤ ਪੰਜਾਬ ਦੁਆਰਾ ਦੇਸ਼ ਦੇ ਵੱਖ-ਵੱਖ ਖੇਤਰਾਂ ਵਿੱਚ ਪਾਏ ਗਏ ਯੋਗਦਾਨ ਬਾਰੇ ਜਾਣਨਾ ਜ਼ਰੂਰੀ ਹੈ।

–ਬਲਬੀਰ ਸਿੰਘ ਐਮ ਏ

Balbir Singh M.A.
Editor in Chief & Publisher
e-mail: bsma54@gmail.com
Tel : 510-938-7771, Fax510-740-3520
36415 RUSCHIN DR. NEWARK, CA 94560
Ranjit Kandola ,Managing Editor
Cell : 530-315-1020, Yuba City
Kalbinder Singh, Marketing Manager
(East Cost) Cell : 508-904-9265
Buta Ram joshi Staff Reporter, Fresno 559-803-0055
Web designed www.pardestimes.com
by Aman Bansil 510-589-2245

The Pardes Times And People Associated With It Are Not Responsible For Any Claims Made By The Advertisers And Don't Endorse Any Product Or Services Advertised In The Pardes Times. Please Consult Your Attorney Before , Buying/Hiring Contracting Through The Ads Published In The News Paper. The Pardes Times Is In Business Of Selling Spaces And Claims Made By Advertisers Are Not Tested/Confirmed By An Independent Source.

ਅਕਾਲੀ ਦਲ ਦੀਆਂ ਜਿੱਤਾਂ ਦਰ ਜਿੱਤਾਂ ਦਾ ਰਾਜ਼

Sinder Singh Pasiana
(Advocate)
Email - sindersingh2009@gmail.com
(91-99141-08502 M)

ਪਿਛਲੇ 6 ਸਾਲਾਂ ਤੋਂ ਪੰਜਾਬ ਦੀ ਸੱਤਾ ਉਤੇ ਕਾਇਮ ਅਕਾਲੀ-ਭਾਜਪਾ ਗੱਠਜੋੜ ਨੂੰ ਜਦੋਂ ਇਸ ਵਾਰ ਵਿਧਾਨ ਸਭਾ ਵਿਚ ਲਾਮਿਸਾਲ ਜਿੱਤ ਮਿਲੀ ਤਾਂ ਇਹ ਚਰਚਾ ਉਦੋਂ ਵੀ ਹੋਈ ਕਿ ਅਕਾਲੀ ਦਲ ਦੀ ਸਰਕਾਰ ਨੇ ਪੰਜਾਬ ਵਿਚ ਅਤੇ ਪੰਜਾਬੀਆਂ ਲਈ ਅਜਿਹਾ ਕਿਹੜਾ ਬਿਹਤਰੀਨ ਕੰਮ ਕੀਤਾ ਕਿ ਇਸ ਸਰਕਾਰ ਨੂੰ ਦੁਬਾਰਾ ਫਿਰ ਸੱਤਾ ਵਿਚ ਆਉਣ ਦਾ ਮੌਕਾ ਮਿਲਿਆ। ਇਸ ਤੋਂ ਬਾਅਦ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਵਿਚ ਵੀ ਇਹੀ ਗੱਲ ਦੁਹਰਾਈ ਗਈ, ਹਾਲਾਂਕਿ ਦਿੱਲੀ ਕਮੇਟੀ ਚੋਣਾਂ ਅਤੇ ਪੰਜਾਬ ਚੋਣਾਂ ਵਿਚ ਫਰਕ ਸੀ। ਦਿੱਲੀ ਕਮੇਟੀ ਉਤੇ ਪਿਛਲੇ 12-14 ਸਾਲਾਂ ਤੋਂ ਸਰਨਾ ਗਰੁੱਪ ਦਾ ਕਬਜ਼ਾ ਸੀ ਅਤੇ ਇੰਨੇ ਲੰਮੇ ਸਮੇਂ ਤੱਕ ਜਦੋਂ ਕੋਈ ਗਰੁੱਪ ਜਾਂ ਪਾਰਟੀ ਇਸ ਤਰ੍ਹਾਂ ਸੱਤਾ ਵਿਚ ਰਹੇ ਤਾਂ ਸੁਭਾਵਿਕ ਹੀ ਵੋਟਰਾਂ ਵਿਚ ਤਬਦੀਲੀ ਦਾ ਰੌਂਅ ਉਮੜ ਪੈਂਦਾ ਹੈ। ਪਰ ਪੰਜਾਬ ਦਾ ਤਜਰਬਾ ਇਸ ਤੋਂ ਬਿਲਕੁਲ ਵੱਖਰਾ ਰਿਹਾ ਹੈ। ਪੰਜਾਬ ਵਿਚ ਪਿਛਲੇ ਪੰਜ ਸਾਲਾਂ ਵਿਚ ਅਕਾਲੀ-ਭਾਜਪਾ ਸਰਕਾਰ ਨੇ ਅਜਿਹਾ ਇਕ ਵੀ ਬਿਹਤਰੀਨ ਪ੍ਰਾਜੈਕਟ ਸਿਰੇ ਨਹੀਂ ਚੜ੍ਹਾਇਆ, ਜਿਸ ਦੇ ਸਹਾਰੇ ਵੋਟਰਾਂ ਤੱਕ ਪਹੁੰਚ ਕੀਤੀ ਜਾਂਦੀ। ਸੁਖਬੀਰ ਬਾਦਲ ਦੇ ਵਿਕਾਸ ਦੇ ਨਾਅਰੇ ਅਖ਼ਬਾਰੀ ਜ਼ਿਆਦਾ, ਯਥਾਰਥ ਘੱਟ ਸਨ। ਇਸ ਦੇ ਉਲਟ ਇਸ ਸਰਕਾਰ ਨੇ ਜੋ ਕੰਮ ਕੀਤੇ, ਉਹ ਨਿਰੇ ਵੋਟ ਬਟੋਰੂ ਸਨ। ਅਕਾਲੀ-ਭਾਜਪਾ ਸਰਕਾਰ ਨੇ ਸਸਤਾ ਆਟਾ ਅਤੇ ਦਾਲ ਦੀ ਸਕੀਮ ਸ਼ੁਰੂ ਕੀਤੀ। ਇਹ ਸਕੀਮ ਅਧਵਾਟੇ ਰਹਿ ਜਾਂਦੀ, ਜੇਕਰ ਕੇਂਦਰ ਵਿਚ ਸੱਤਾਧਾਰੀ ਯੂ. ਪੀ. ਏ. ਸਰਕਾਰ ਨੇ ਵੀ ਅਜਿਹੀ ਸਕੀਮ ਨਾ ਚਲਾਈ ਹੁੰਦੀ। ਕੇਂਦਰ ਦੀ ਸਕੀਮ ਦਾ ਪੰਜਾਬ ਸਰਕਾਰ ਨੂੰ ਸਹਾਰਾ ਮਿਲਿਆ ਅਤੇ ਨਾਂ ਪੰਜਾਬ ਸਰਕਾਰ ਦਾ ਬਣਿਆ। ਇਸੇ ਤਰ੍ਹਾਂ ਸਾਰੇ ਪੰਜਾਬ ਵਿਚ ਐਂਬੂਲੈਂਸ ਸੇਵਾ ਆਰੰਭ ਕੀਤੀ ਗਈ। ਇਹ ਵੀ ਕੇਂਦਰ ਸਰਕਾਰ ਦੀ ਸਕੀਮ ਸੀ ਪਰ ਐਂਬੂਲੈਂਸਾਂ ਉਤੇ ਤਸਵੀਰ ਬਾਦਲ ਦੀ ਲੱਗੀ ਅਤੇ ਫਾਇਦਾ ਵੀ ਮਿਲਿਆ। ਇਸ ਸਰਕਾਰ ਨੇ ਪਿਛਲੇ ਕਾਰਜਕਾਲ ਵਿਚ ਜੋ ਚੰਗਾ ਕੰਮ ਕੀਤਾ, ਉਹ ਸੀ ਭ੍ਰਿਸ਼ਟਾਚਾਰ ਉਤੇ ਨੱਥ ਪਾਉਣ ਦਾ। ਦਫ਼ਤਰਾਂ ਵਿਚ ਲੋਕਾਂ ਦੀ ਹੁੰਦੀ ਖੱਜਲ ਖੁਆਰੀ ਨੂੰ ਰੋਕਣ ਲਈ ਕੁਝ ਕਦਮ ਚੁੱਕੇ ਗਏ, ਪਰ ਭ੍ਰਿਸ਼ਟਾਚਾਰ ਹੁਣ ਇੱਥੋਂ ਦੇ ਪ੍ਰਸ਼ਾਸਨ ਦੇ ਖੂਨ ਵਿਚ ਰਲ ਚੁੱਕਾ ਹੈ, ਇਸ ਕਰਕੇ ਭ੍ਰਿਸ਼ਟਾਚਾਰ ਰੁਕਿਆ ਤਾਂ ਨਹੀਂ ਪਰ ਇਸ ਨੂੰ ਠੱਲ੍ਹ ਜ਼ਰੂਰ ਪਈ। ਇਹ ਤਜਰਬਾ ਇਸ ਤੋਂ ਪਹਿਲੀ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਨੇ ਵੀ ਕੀਤਾ ਸੀ, ਪਰ ਇਸ ਵਾਰ ਕਾਂਗਰਸ ਦੇ ਮੂਹਰੇ ਕੇਂਦਰ ਵਿਚ ਪਕੜੇ ਗਏ ਕਈ ਮੰਤਰੀਆਂ ਦੇ ਭ੍ਰਿਸ਼ਟਾਚਾਰ ਦੀ ਬਦਨਾਮੀ ਅਤੇ ਅੰਨਾ ਹਜ਼ਾਰੇ ਦੀ ਕਾਂਗਰਸ ਵਿਰੋਧੀ ਲਹਿਰ ਦੀ ਪੀੜ ਵੀ ਸੀ। ਇਸ ਕਰਕੇ ਕਾਂਗਰਸ ਦੇ ਪੱਖ ਵਿਚ ਕੋਈ ਲਹਿਰ ਨਹੀਂ ਸੀ, ਪਰ ਇਸ ਦੇ ਬਾਵਜੂਦ ਕਾਂਗਰਸ ਨੇ ਚੋਣ ਪੂਰੀ ਤਾਕਤ ਨਾਲ ਲੜੀ, 41 ਫੀਸਦੀ ਤੋਂ ਜ਼ਿਆਦਾ ਵੋਟ ਹਾਸਲ ਕੀਤੇ, ਪਰ ਜਿੱਤਣ ਲਈ ਸਰਕਾਰ ਵਿਰੋਧੀ ਵੋਟ ਜੋ ਅਕਸਰ ਵਿਰੋਧੀ ਧਿਰ ਨੂੰ ਮਿਲਦੀ ਹੈ, ਉਹ ਮਨਪ੍ਰੀਤ ਬਾਦਲ ਦੇ ਗੱਠਜੋੜ ਨੂੰ ਮਿਲ ਗਈ। ਦੂਜਾ ਕੈਪਟਨ ਅਮਰਿੰਦਰ ਸਿੰਘ ਨੇ ਬਾਦਲ ਦੀ ਰਣਨੀਤੀ ਤੋਂ ਬਿਲਕੁਲ ਦੂਰ ਬਾਗੀਆਂ ਨੂੰ ਦਬਕੇ ਮਾਰੇ, ਨਾ ਕਿ ਉਹਨਾਂ ਨੂੰ ਆਪਣੇ ਨਾਲ ਜੋੜਨ ਦੀ ਕੋਸ਼ਿਸ਼ ਕੀਤੀ। ਇਸ ਦਾ ਨਤੀਜਾ ਸਾਹਮਣੇ ਸੀ ਅਤੇ ਕਾਂਗਰਸ ਬਹੁਮਤ ਪ੍ਰਾਪਤ ਕਰਦੀ-ਕਰਦੀ ਰਹਿ ਗਈ। 15 ਦੇ ਕਰੀਬ ਸੀਟਾਂ ਉਤੇ ਜਿੱਤ ਹਾਰ ਦਾ ਜੋ 100 ਤੋਂ 500 ਵੋਟ ਦਾ ਫਰਕ ਹੈ, ਉਹੀ ਕਾਂਗਰਸ ਨੂੰ ਲੈ ਬੈਠਿਆ। ਅਕਾਲੀ ਦਲ ਕੋਲ ਇੰਨੀ ਵੋਟ ਨਹੀਂ ਸੀ, ਪਰ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੀ ਗੁੜ੍ਹਤੀ ਮੁਤਾਬਕ ਉਹਨਾਂ ਦੇ ਪੁੱਤਰ ਸੁਖਬੀਰ ਬਾਦਲ ਨੇ ਪਾਰਟੀ ਨੂੰ ਪੂਰੀ ਤਰ੍ਹਾਂ ਸੰਗਠਿਤ ਕਰਕੇ ਚੋਣ ਲੜੀ। ਇਕ ਵੀ ਅਕਾਲੀ ਵਰਕਰ ਅਤੇ ਲੀਡਰ ਇਹਨਾਂ ਚੋਣਾਂ ਵਿਚ ਆਪਣੇ ਹਲਕੇ ਵਿਚ ਚੋਣ ਲੜ ਰਹੇ ਉਮੀਦਵਾਰ ਦੇ ਵਿਰੋਧ ਵਿਚ ਖੜ੍ਹਾ ਨਜ਼ਰ ਨਹੀਂ ਆਇਆ। ਇਸ ਦਾ ਨਤੀਜਾ ਇਹ ਹੋਇਆ ਕਿ ਅਕਾਲੀ ਵਰਕਰਾਂ ਨੇ ਪੂਰੀ ਤਾਕਤ ਨਾਲ ਕੰਮ ਕੀਤਾ ਅਤੇ ਰਹਿੰਦੀ-ਖੂੰਹਦੀ ਕਸਰ ਸੁਖਬੀਰ ਬਾਦਲ ਦੀਆਂ ਥੈਲੀਆਂ ਨੇ ਕੱਢ ਦਿੱਤੀ। ਪੰਜਾਬ ਹੀ ਨਹੀਂ ਸਾਰੇ ਭਾਰਤ ਦੀ ਇਹ ਤ੍ਰਾਸਦੀ ਹੈ ਕਿ ਇੱਥੇ ਲੋਕਰਾਜ ਦੀ ਨਾਜਾਇਜ਼ ਵਰਤੋਂ ਹੁੰਦੀ ਹੀ ਹੁੰਦੀ ਹੈ। ਇਸ ਵਾਰ ਅਕਾਲੀ ਦਲ ਕੋਲ ਪੈਸਾ ਸੀ ਅਤੇ ਅਕਾਲੀ ਦਲ ਨੇ ਰੱਜ ਕੇ ਪੈਸਾ ਵੰਡਿਆ। 2 ਤੋਂ 3 ਫੀਸਦੀ ਵੋਟ ਹਰੇਕ ਹਲਕੇ ਵਿਚ ਅਜਿਹੀ ਹੈ, ਜਿਹੜੀ ਹਰ ਵਾਰ ਪੈਸੇ ਅਤੇ ਲਾਲਚਾਂ ਦੇ ਸਿਰ ਉਤੇ ਇੱਧਰੋਂ ਉਧਰ ਹੁੰਦੀ ਹੈ। ਇਹ ਵੋਟ ਇਸ ਵਾਰ ਅਕਾਲੀ ਦਲ ਨੂੰ ਮਿਲੀ ਅਤੇ ਅਕਾਲੀ ਦਲ ਨੇ 20 ਦੇ ਕਰੀਬ ਹਲਕਿਆਂ ਉਤੇ ਕਾਂਗਰਸ ਨੂੰ ਇਸੇ ਕਾਰਨ ਮਾਤ ਦਿੱਤੀ। ਕਾਂਗਰਸ ਪਿਛਲੀ ਰਣਨੀਤੀ ਤਹਿਤ ਇਸ ਵਾਰ ਬਸਪਾ ਦੀ ਵੋਟ ਵੀ ਨਾ ਤੋੜ ਸਕੀ ਅਤੇ ਇਹ ਵੋਟ ਬਸਪਾ ਨੂੰ ਮਿਲੀ, ਜਿਸ ਕਰਕੇ ਕਾਂਗਰਸ ਮਾਮੂਲੀ ਫਰਕ ਨਾਲ ਪਿੱਛੇ ਰਹਿ ਗਈ।

ਦਿੱਲੀ ਦੀਆਂ ਚੋਣਾਂ ਵਿਚ ਵੀ ਅਕਾਲੀ ਦਲ ਨੇ ਇਸੇ ਹਰਬੇ ਨੂੰ ਵਰਤਿਆ। ਦਿੱਲੀ ਵਿਚ ਸਰਨਾ ਗਰੁੱਪ ਇਕ ਤਾਕਤਵਰ ਧੜਾ ਹੈ, ਪਰ ਇਸ ਵਾਰ ਉਹਨਾਂ ਨੂੰ ਖੁਦ ਹੀ ਆਸ ਨਹੀਂ ਸੀ ਕਿ ਉਹ ਦੁਬਾਰਾ ਕਮੇਟੀ ਦੀ ਸੱਤਾ ਸੰਭਾਲ ਲੈਣਗੇ। ਹਾਂ ਜੋੜ ਤੋੜ ਦੀ ਸੰਭਾਵਨਾ ਕਾਫੀ ਸੀ ਪਰ ਇਸ ਦੇ ਉਲਟ ਉਹਨਾਂ ਨੇ ਅਕਾਲੀ ਦਲ ਬਾਦਲ ਦੀ ਜਲ-ਥਲ-ਬਲ ਵਾਲੀ ਨੀਤੀ ਦੀ ਕਾਟ ਨਹੀਂ ਲੱਭੀ, ਇਸ ਕਰਕੇ ਪੱਛੜ ਗਏ। ਅਕਾਲੀ ਦਲ ਦਿੱਲੀ ਜਾਂ ਸਰਨਾ ਗਰੁੱਪ ਦੀ ਜਿੱਤ ਹਾਰ ਦਾ ਵੀ 25 ਦੇ ਕਰੀਬ ਹਲਕਿਆਂ ਵਿਚ ਬਹੁਤ ਮਾਮੂਲੀ ਫਰਕ ਹੈ। ਜਿੱਥੋਂ ਤੱਕ ਪੰਜਾਬ ਵਿਚ ਜ਼ਿਮਨੀ ਚੋਣਾਂ, ਸਥਾਨਕ ਸੰਸਥਾਵਾਂ ਦੀਆਂ ਚੋਣਾਂ ਅਤੇ ਹੋਰ ਛੋਟੀਆਂ-ਮੋਟੀਆਂ ਚੋਣਾਂ ਦਾ ਸਬੰਧ ਹੈ, ਅਕਸਰ ਹੀ ਸੱਤਾ ਵਿਚਲੀ ਪਾਰਟੀ ਇਹਨਾਂ ਉਤੇ ਕਬਜ਼ਾ ਕਰ ਲੈਂਦੀ ਹੈ। ਪੰਚਾਇਤਾਂ ਅਤੇ ਨਗਰ ਕੌਂਸਲਾਂ ਦੀਆਂ ਚੋਣਾਂ ਵਿਚ ਤਾਂ ਪਿਛਲੀਆਂ ਦੋ ਚੋਣਾਂ ਤੋਂ ਸਭ ਕੁਝ ਸਾਹਮਣੇ ਹੀ ਹੈ। ਹਰੇਕ ਹਲਕੇ ਵਿਚ ਖੁੱਲ੍ਹੇਆਮ ਧੱਕੇਸ਼ਾਹੀ ਹੁੰਦੀ ਹੈ ਅਤੇ ਵੋਟਰ ਵੋਟ ਪਾਉਣ ਹੀ ਨਹੀਂ ਜਾਂਦੇ। ਇਹ ਐਮ. ਸੀ. ਅਤੇ ਪੰਚ-ਸਰਪੰਚ ਨਿਰੋਲ ਸਰਕਾਰ ਨੇ ਧੱਕੇ ਨਾਲ ਜਿਤਾਏ ਹੁੰਦੇ ਹਨ ਅਤੇ ਇਸ ਦਾ ਖਮਿਆਜ਼ਾ ਲੋਕਾਂ ਨੂੰ ਭੁਗਤਣਾ ਪੈਂਦਾ ਹੈ। ਇਹ ਲੋਕੀ ਫਿਰ ਵੋਟਰਾਂ ਦੇ ਕੰਮ ਨਹੀਂ ਕਰਦੇ ਅਤੇ ਨਾ ਹੀ ਉਹਨਾਂ ਦੀ ਗੱਲਬਾਤ ਸੁਣਦੇ ਹਨ, ਜਿਸ ਕਰਕੇ ਲੋਕੀ ਇਹਨਾਂ ਤੋਂ ਦੁਖੀ ਹਨ ਅਤੇ ਇਹ ਸਾਰਾ ਚੋਣ ਅਮਲ ਇਕ ਵਿਅਰਥ ਦੀ ਰਿਹੱਸਲ ਬਣ ਕੇ ਰਹਿ ਗਿਆ ਹੈ।

ਪੰਜਾਬ ਵਿਚ ਸਹੀ ਅਰਥਾਂ ਵਿਚ ਲੋਕਰਾਜੀ ਤਰੀਕੇ ਨਾਲ ਹੁਣ ਚੋਣਾਂ ਹੋਣੋਂ ਹੀ ਹਟ ਗਈਆਂ ਹਨ। ਵੋਟਰਾਂ ਤੱਕ ਪਹੁੰਚ ਕਰਨ ਅਤੇ ਉਹਨਾਂ ਨੂੰ ਵੋਟ ਲਈ ਆਕਰਸ਼ਿਤ ਕਰਨ ਵਾਲਾ ਕੁਝ ਨਹੀਂ, ਸਿਰਫ ਪਾਰਟੀ ਮਜ਼ਬੂਤ ਰੱਖੋ ਅਤੇ ਚੋਣਾਂ ਵੇਲੇ ਰੱਜ ਕੇ ਪੈਸੇ ਦੀ ਵਰਤੋਂ ਕਰੋ, ਤਾਂ ਹੀ ਕੋਈ ਪਾਰਟੀ ਸੱਤਾ ਵਿਚ ਆ ਸਕਦੀ ਹੈ। ਇਸ ਰੁਝਾਨ ਦੇ ਕਾਰਨ ਹੀ ਪੰਜਾਬ ਲਗਾਤਾਰ ਪੱਛੜਦਾ ਜਾ ਰਿਹਾ ਹੈ। ਹੁਣ ਸਿਆਸੀ ਪਾਰਟੀਆਂ ਲੋਕ ਲੁਭਾਊ ਗੱਲਾਂ ਕਰਦੀਆਂ ਹਨ, ਨਾ ਕਿ ਸੂਬੇ ਦੇ ਕਲਿਆਣ ਦੀਆਂ।

ਕੀ ਅਜਿਹਾ ਰੁਝਾਨ ਪੰਜਾਬ ਨੂੰ ਤਰੱਕੀ ਕਰਨ ਦੇਵੇਗਾ? ਇਹ ਸਵਾਲ ਹਰੇਕ ਦੀ ਜ਼ੁਬਾਨ ਉਤੇ ਹੈ।

ਕਿਹੜੀ ਦਿਸ਼ਾ ਵੱਲ ਜਾ ਰਿਹੈ ਪੰਜਾਬ?

- ਗੁਰਮੀਤ ਪਲਾਹੀ

ਜਦੋਂ ਵੀ ਕਿਸੇ ਸਰਕਾਰ ਦੇ ਕੰਮਾਂ ਦਾ ਲੇਖਾ-ਜੋਖਾ ਕਰਨਾ ਹੋਵੇ ਤਾਂ ਪਹਿਲੀ ਗੱਲ ਇਹ ਵੇਖੀ ਜਾਂਦੀ ਹੈ ਕਿ ਉਸ ਰਾਜ ਦੇ ਖਿੱਤੇ ਦੇ ਆਮ ਲੋਕ ਸਰਕਾਰ ਬਾਰੇ ਕੀ ਰਾਏ ਰੱਖਦੇ ਹਨ? ਦੂਜੀ ਗੱਲ ਇਹ ਕਿ ਰਾਜ ਕਰ ਰਹੀ ਪਾਰਟੀ ਜਾਂ ਪਾਰਟੀ ਵਰਕਰ (ਨੇਤਾ ਨਹੀਂ) ਸਰਕਾਰ ਦੇ ਕੰਮ-ਕਾਰ ਬਾਰੇ ਕੀ ਮਹਿਸੂਸ ਕਰਦੇ ਹਨ ਅਤੇ ਤੀਜੀ ਇਹ ਕਿ ਵਿਰੋਧੀ ਪਾਰਟੀਆਂ ਦਾ ਸਰਕਾਰ ਵੱਲੋਂ ਕੀਤੇ ਜਾ ਰਹੇ ਕੰਮਾਂ ਬਾਰੇ ਕੀ ਦ੍ਰਿਸ਼ਟੀਕੋਣ ਹੈ? ਇਸ ਤੋਂ ਇਲਾਵਾ ਸ਼ਾਸਨ ਕਰਨ ਵਾਲੇ ਮੁੱਖ ਮੰਤਰੀ ਬਾਰੇ ਲੋਕ, ਪਾਰਟੀ ਵਰਕਰ ਅਤੇ ਵਿਰੋਧੀ ਨੇਤਾਵਾਂ ਦੀ ਰਾਏ ਵੀ ਮਾਇਨੇ ਰੱਖਦੀ ਹੈ।

ਬੇਸ਼ੱਕ ਸੂਬੇ ਦੇ ਮੁੱਖ ਮੰਤਰੀ ਇੱਕ ਨੇਕ ਇਨਸਾਨ, ਦੂਰਅੰਦੇਸ਼ ਅਤੇ ਤਜਰਬੇਕਾਰ ਸਿਆਸੀ ਆਗੂ ਹਨ ਜਿਨ੍ਹਾਂ ਦਾ ਪੰਜਾਬ, ਇੱਥੋਂ ਦੀ ਸਿਆਸਤ ਵਿੱਚ ਕੋਈ ਤੋੜ ਨਹੀਂ ਅਤੇ ਜਿਸਦਾ ਬਦਲ ਤਲਾਸ਼ਣਾ 'ਖਾਲਾ ਜੀ ਦਾ ਵਾੜਾ' ਨਹੀਂ ਹੈ ਪਰ ਸਵਾਲ ਉਠਦਾ ਹੈ ਕਿ ਚਿੜੀ ਦੇ ਪੌਂਚੇ ਜਿੰਨਾ ਪੰਜਾਬ, ਉਸ ਤੋਂ ਸਾਂਭਿਆ ਕਿਉਂ ਨਹੀਂ ਜਾ ਰਿਹਾ? ਇਹ ਸਵਾਲ ਆਮ ਲੋਕ ਵੀ ਪੁੱਛਦੇ ਹਨ, ਰਾਜ ਕਰਨ ਵਾਲੀਆਂ ਪਾਰਟੀਆਂ ਦੇ ਵਰਕਰ ਵੀ ਅਤੇ ਵਿਰੋਧੀ ਪਾਰਟੀ ਦੇ ਨੇਤਾ ਵੀ। ਅੱਜ, ਪੰਜਾਬ ਦੀ ਆਰਥਿਕ ਸਥਿਤੀ ਡਾਵਾਂਡੋਲ ਹੈ। ਸੂਬੇ ਦਾ ਪੋਟਾ-ਪੋਟਾ ਕਰਜ਼ੇ ਨਾਲ ਵਿੰਨ੍ਹਿਆ ਹੋਇਆ ਹੈ। ਅਮਨ-ਕਾਨੂੰਨ ਦੀ ਸਥਿਤੀ ਚਿੰਤਾਜਨਕ ਹੈ। ਪੰਜਾਬ ਦਾ ਨੌਜਵਾਨ ਨਸ਼ਿਆਂ ਦਾ ਆਦੀ ਹੋ ਰਿਹਾ ਹੈ ਅਤੇ ਬੇਰੁਜ਼ਗਾਰੀ ਨਾਲ ਝੰਬਿਆ ਪਿਆ ਹੈ। ਸੱਤਾਸੀਨ ਪਾਰਟੀ ਦੇ ਵਰਕਰ ਆਪਮੁਹਾਰੇ ਕਾਨੂੰਨ ਤੋੜ ਰਹੇ ਹਨ। ਸਰਕਾਰ ਵਿਕਾਸ ਦਾ ਫੱਟਾ ਹੱਥ 'ਚ ਫੜੀ ਖੋਖਲੇ ਦਾਅਵੇ ਕਰ ਰਹੀ ਹੈ। ਮਹਿੰਗਾਈ ਨੇ ਆਮ ਲੋਕਾਂ ਦਾ ਜਿਊਣਾ ਦੁੱਭਰ ਕੀਤਾ ਹੋਇਆ ਹੈ। ਭ੍ਰਿਸ਼ਟਾਚਾਰ ਦਾ ਕੋਈ ਹੱਦ ਬੰਨ੍ਹਾ ਹੀ ਨਹੀਂ ਰਿਹਾ। ਪੁਲੀਸ ਅਤੇ ਪ੍ਰਸ਼ਾਸਨ ਦਾ ਸਿਆਸੀਕਰਨ ਹੋ ਚੁੱਕਿਆ ਹੈ। ਇੰਜ ਜਾਪਦਾ ਹੈ ਜਿਵੇਂ ਰਾਜ ਉੱਤੇ ਲੋਕਰਾਜੀ ਸਰਕਾਰ ਨਹੀਂ ਸਗੋਂ ਨੌਕਰਸ਼ਾਹਾਂ, ਸਿਆਸਤਦਾਨਾਂ ਅਤੇ ਪੈਸੇ ਵਾਲਿਆਂ ਦਾ ਨਾਪਾਕ ਗੱਠਜੋੜ ਰਾਜ ਕਰ ਰਿਹਾ ਹੈ। ਪੰਜਾਬ ਦੀ ਅਜਿਹੀ ਹਾਲਤ ਬਣਾਉਣ ਲਈ ਜ਼ਿੰਮੇਵਾਰ ਕੌਣ ਹੈ? ਕਿਤੇ ਇਹ ਪੰਜਾਬੀਆਂ ਨੂੰ ਖ਼ਤਮ ਕਰਨ, ਪੰਜਾਬ ਦੇ ਅਰਥਚਾਰੇ ਨੂੰ ਢਾਅ ਲਾਉਣ ਅਤੇ ਇੱਥੋਂ ਦੀ ਸਰਜ਼ਮੀਨ ਨੂੰ ਗੁਲਾਮ ਬਣਾਉਣ ਦੀ ਕੋਈ ਸਾਜ਼ਿਸ਼ ਤਾਂ ਨਹੀਂ?

ਪੰਜਾਬ ਦੀ ਕੁੱਲ ਅਬਾਦੀ 3,15,82,828 ਅਤੇ ਖੇਤਰਫਲ 50,362 ਵਰਗ ਮੀਟਰ ਹੈ। ਪੰਜਾਬ ਦੇ 22 ਜ਼ਿਲ੍ਹੇ ਹਨ, ਜਿੱਥੇ ਰੇਲਵੇ ਲਾਈਨਾਂ ਦੀ ਲੰਬਾਈ ਮਸਾਂ 2133 ਕਿਲੋਮੀਟਰ ਅਤੇ ਨੈਸ਼ਨਲ ਹਾਈਵੇ ਕੁੱਲ 1749 ਕਿਲੋਮੀਟਰ ਲੰਮਾ ਹੈ ਜਦੋਂਕਿ ਲਿੰਕ ਸੜਕਾਂ ਦੀ ਲੰਬਾਈ 51059 ਕਿਲੋਮੀਟਰ ਅਤੇ ਜ਼ਿਲ੍ਹਾ ਸੜਕਾਂ ਦੀ ਲੰਬਾਈ 7000 ਕਿਲੋਮੀਟਰ ਹੈ। ਸੂਬੇ 'ਚ ਕੋਈ ਖ਼ਾਸ ਵੱਡੀ ਸਨਅਤ ਨਹੀਂ ਹੈ। ਪੰਜਾਬੀਆਂ ਦੀ ਸਿਹਤ ਉੱਤੇ ਸਾਲਾਨਾ ਮਸਾਂ 1400 ਰੁਪਏ ਪ੍ਰਤੀ ਵਿਅਕਤੀ ਖਰਚ ਹੁੰਦੇ ਹਨ ਜਦੋਂਕਿ ਪੰਜਾਬੀਆਂ ਦੀ ਪ੍ਰਤੀ ਦਰ ਆਮਦਨ 61,035 ਰੁਪਏ ਸਾਲਾਨਾ ਹੈ। ਖੇਤੀ ਅਧਾਰਿਤ ਹੋਣ ਕਾਰਨ ਪੰਜਾਬ ਦੀ ਦੋ-ਤਿਹਾਈ ਅਬਾਦੀ ਇਸ 'ਤੇ ਨਿਰਭਰ ਹੈ ਅਤੇ ਇਸ ਵੱਲੋਂ ਔਸਤਨ 10837 ਹਜ਼ਾਰ ਟਨ ਝੋਨਾ ਅਤੇ 15828 ਹਜ਼ਾਰ ਟਨ ਕਣਕ ਦੀ ਪੈਦਾਵਾਰ ਹੁੰਦੀ ਹੈ। ਦੇਸ਼ ਭਰ 'ਚ ਪੰਜਾਬ, ਝੋਨੇ ਦੇ ਉਤਪਾਦਨ 'ਚ ਤੀਜੇ ਅਤੇ ਕਣਕ ਦੇ ਉਤਪਾਦਨ 'ਚ ਦੂਜੇ ਨੰਬਰ 'ਤੇ ਹੈ। ਗੰਨਾ ਵੀ 4170 ਹਜ਼ਾਰ ਟਨ ਉਗਾਇਆ ਜਾਂਦਾ ਹੈ ਪਰ ਫੇਰ ਵੀ ਇੱਥੇ ਖੇਤੀ ਅਧਾਰਿਤ ਕੋਈ ਵੱਡੀ ਸਨਅਤ ਨਹੀਂ ਹੈ।

ਦੇਸ਼ ਦੀਆਂ ਸਰਹੱਦਾਂ ਦੀ ਰਾਖੀ ਲਈ ਇਸ ਸਰਹੱਦੀ ਸੂਬੇ ਦਾ ਸਦਾ ਹੀ ਅਹਿਮ ਯੋਗਦਾਨ ਰਿਹਾ ਹੈ ਪਰ ਇੱਥੋਂ ਦੇ ਨੌਜਵਾਨਾਂ ਦੀ ਸਿਹਤ 'ਚ ਹੁਣ ਜਿਵੇਂ ਨਿਘਾਰ ਆ ਰਿਹਾ ਹੈ, ਉਹ ਦਾ ਕੀ ਅਰਥ ਸਮਝਿਆ ਜਾਵੇ? ਇੱਥੋਂ ਦੇ ਨੌਜਵਾਨ ਪੰਜਾਬ 'ਚ ਨਾ ਰਹਿ ਕੇ ਵਿਦੇਸ਼ ਜਾਣ ਤੇ ਰੁਜ਼ਗਾਰ ਕਰਨ ਨੂੰ ਪਹਿਲ ਦੇ ਰਹੇ ਹਨ। ਜੇ ਉਹ ਮਜ਼ਬੂਰੀਵੱਸ ਇੱਥੇ ਠਹਿਰ ਰੱਖ ਵੀ ਰਹੇ ਹਨ ਤਾਂ ਉਨ੍ਹਾਂ ਲਈ ਬੇਰੁਜ਼ਗਾਰੀ ਦਾ ਦੈਂਤ ਮੂੰਹ ਅੱਡੀ ਖੜਾ ਹੈ। ਕੈਂਸਰ ਅਤੇ ਨਸ਼ਿਆਂ ਨੇ ਜਿਵੇਂ ਪੰਜਾਬ ਨੂੰ ਨਿਗਲ ਲੈਣ ਦਾ ਫ਼ੈਸਲਾ ਕਰ ਲਿਆ ਹੈ। ਅਜਿਹੀ ਪ੍ਰਸਥਿਤੀਆਂ 'ਚ ਮੌਕੇ ਦੇ ਹਾਕਮਾਂ ਦੀ ਕੀ ਜ਼ਿੰਮੇਵਾਰੀ ਬਣਦੀ ਹੈ, ਕੀ ਇਸ ਦਾ ਵੇਰਵਾ ਦੇਣ ਦੀ ਲੋੜ ਹੈ? ਪੰਜਾਬ ਦੀ ਸਰਕਾਰ ਕਹੇਗੀ ਕਿ ਪੰਜਾਬ ਨਾਲ ਕੇਂਦਰ ਸਰਕਾਰ ਧੱਕਾ ਕਰ ਰਹੀ ਹੈ। ਕੇਂਦਰ ਸਰਕਾਰ ਪੰਜਾਬ ਲਈ ਵਿਸ਼ੇਸ਼ ਪੈਕੇਜ ਨਹੀਂ ਦੇ ਰਹੀ ਪਰ ਕੀ ਪੰਜਾਬ ਦੇ ਮੌਜੂਦਾ ਸ਼ਾਸਕ ਇਸ ਖ਼ਿਲਾਫ਼ ਆਵਾਜ਼ ਉਠਾ ਰਹੇ ਹਨ? ਕੀ ਪੰਜਾਬ ਦੇ ਨੌਕਰਸ਼ਾਹ ਕੇਂਦਰ ਤੋਂ ਵਿਸ਼ੇਸ਼ ਗ੍ਰਾਂਟਾਂ ਲੈਣ ਲਈ ਕੋਈ ਯਤਨ ਕਰ ਰਹੇ ਹਨ। ਕੇਂਦਰ ਸਰਕਾਰ ਦੀਆਂ ਬਹੁਤ ਸਾਰੀਆਂ ਸਕੀਮਾਂ ਅਜਿਹੀਆਂ ਹਨ ਜਿਨ੍ਹਾਂ ਅਧੀਨ ਰਾਜ ਸਰਕਾਰ ਗ੍ਰਾਂਟਾਂ ਦੀ ਵਰਤੋਂ ਨਹੀਂ ਕਰ ਰਹੀ, ਜਿਨ੍ਹਾਂ 'ਚ ਬਹੁਚਰਚਿਤ 'ਮਨਰੇਗਾ' ਸਕੀਮ ਅਤੇ ਗਰੈਜੂਏਟ ਪੱਧਰ ਤਕ ਘੱਟ ਗਿਣਤੀ ਵਿਦਿਆਰਥੀਆਂ ਲਈ ਮੁਫ਼ਤ ਸਿੱਖਿਆ ਅਤੇ ਵਜ਼ੀਫ਼ਾ ਦੇਣ ਦੀ ਸੁਵਿਧਾ ਹੈ। ਗੱਲ ਪੰਜਾਬ ਦੇ ਕਿਸੇ ਪਿੰਡ ਦੇ ਵਿਕਾਸ ਦੀ ਕਰ ਲਈਏ ਜਾਂ ਸ਼ਹਿਰ ਦੇ ਵਿਕਾਸ ਦੀ, ਦੋਵੇਂ ਥਾਂ ਇੱਕੋ ਜਿਹੇ ਦ੍ਰਿਸ਼ ਦੇਖਣ ਨੂੰ ਮਿਲਣਗੇ। ਕੂੜੇ ਦੇ ਢੇਰ, ਗਲੀਆਂ 'ਚ ਫੈਲਿਆ ਗੰਦਾ ਪਾਣੀ, ਟੁੱਟੇ ਭੱਜੇ ਸਰਕਾਰੀ ਦਫ਼ਤਰ, ਸ਼ਹਿਰਾਂ/ਪਿੰਡਾਂ 'ਚ ਬਣਾਏ ਸਰਕਾਰੀ ਹਸਪਤਾਲਾਂ, ਡਿਸਪੈਂਸਰੀਆਂ ਭਾਵੇਂ ਉਹ ਮਨੁੱਖਾਂ ਲਈ ਹਨ ਜਾਂ ਪਸ਼ੂਆਂ ਲਈ, ਵਿੱਚ ਨਾ ਤਾਂ ਪੂਰਾ ਸਟਾਫ਼ ਹੈ ਅਤੇ ਨਾ ਹੀ ਲੋੜੀਂਦੀ ਦਵਾਈ। ਸਿਹਤ ਸਹੂਲਤਾਂ ਦੇਣ ਲਈ, ਮੁਫ਼ਤ ਸਿੱਖਿਆ ਮੁਹੱਈਆ ਕਰਵਾਉਣ ਲਈ, ਵਾਤਾਵਰਨ ਦੇ ਸੁਧਾਰ ਅਤੇ ਨੌਜਵਾਨਾਂ ਨੂੰ ਰੁਜ਼ਗਾਰ ਦੇਣ ਲਈ, ਗਲਤ ਅਨਸਰਾਂ ਨੂੰ ਸਬਕ ਸਿਖਾਉਣ ਲਈ ਜਾਂ ਫਿਰ ਸਾਫ-ਸੁਥਰਾ ਪ੍ਰਬੰਧ ਅਤੇ ਰਾਜਸੀ ਸੇਵਾਵਾਂ ਮੁਹੱਈਆ ਕਰਵਾਉਣ ਲਈ ਸਰਕਾਰ ਬਹੁਤ ਤਿੱਖੇ ਅਤੇ ਮਿੱਠੇ

(ਬਾਕੀ ਅਗਲੇ ਸਫੇ ਤੇ)

ਮਾਂ ਬੋਲੀ ਦੀ ਚੜ੍ਹਤ- ਪਰਵਾਸੀ ਪੰਜਾਬੀਆਂ ਕੀਤਾ ਸਿਰ ਉੱਚਾ

ਇੰਗਲੈਂਡ ਅਤੇ ਵੇਲਜ਼ ਵਿੱਚ ਪੰਜਾਬੀ ਦਾ ਤੀਜੀ ਸਭ ਤੋਂ ਵੱਧ ਬੋਲੀ ਜਾਣ ਵਾਲੀ ਭਾਸ਼ਾ ਬਣ ਜਾਣਾ ਪੰਜਾਬੀ ਪਿਆਰਿਆਂ ਲਈ ਬਹੁਤ ਹੀ ਖ਼ੁਸ਼ੀ ਅਤੇ ਮਾਣ ਵਾਲੀ ਗੱਲ ਹੈ। ਪਿਛੇ ਜਿਹੇ ਕੈਨੇਡਾ ਵਿੱਚ ਵੀ ਮਾਂ ਬੋਲੀ ਦੀ ਚੜ੍ਹਤ ਬਾਰੇ ਆਈਆਂ ਖ਼ਬਰਾਂ ਨੇ ਪੰਜਾਬੀਆਂ ਦਾ ਮਾਣ ਵਧਾਇਆ ਸੀ। ਇੰਗਲੈਂਡ ਦੇ ਕੌਮੀ ਅੰਕੜਾ ਵਿਭਾਗ (ਓ.ਐਨ.ਐਸ.) ਦੇ ਦਫ਼ਤਰ ਵੱਲੋਂ ਜਾਰੀ ਅੰਕੜਿਆਂ ਅਨੁਸਾਰ ਇੰਗਲੈਂਡ ਵਿੱਚ ਅੰਗਰੇਜ਼ੀ ਤੋਂ ਬਾਅਦ 5,46,000 ਲੋਕ ਪੋਲਿਸ਼ ਭਾਸ਼ਾ ਬੋਲਦੇ ਹਨ ਜਦੋਂਕਿ 2,73,000 ਲੋਕ ਪੰਜਾਬੀ ਭਾਸ਼ਾ ਬੋਲਦੇ ਹਨ। ਪੰਜਾਬੀ ਬੋਲਣ ਵਾਲਿਆਂ ਦੀ ਸਭ ਤੋਂ ਜ਼ਿਆਦਾ ਅਬਾਦੀ ਮੱਧ ਮਿਡਲੈਂਡ ਵਿੱਚ ਹੈ। ਓ.ਐਨ.ਐਸ. ਵੱਲੋਂ ਸਾਲ 2011 ਵਿੱਚ ਕਰਵਾਈ ਗਈ ਜਨਗਨਣਾ ਅਨੁਸਾਰ ਇੱਥੇ ਪੰਜਾਬੀ ਤੋਂ ਇਲਾਵਾ ਦੂਸਰੀਆਂ ਭਾਰਤੀ ਭਾਸ਼ਾਵਾਂ ਵੀ ਆਪਣਾ ਪ੍ਰਭਾਵ ਵਧਾ ਰਹੀਆਂ ਹਨ। ਇੱਥੇ ਉਰਦੂ ਬੋਲਣ ਵਾਲਿਆਂ ਦੀ ਗਿਣਤੀ 2,69,000 ਹੈ ਜਦੋਂ ਕਿ 2,21,000 ਲੋਕ ਬੰਗਲਾ ਵੀ ਬੋਲਦੇ ਹਨ। ਗੁਜਰਾਤੀ ਅਤੇ ਤਮਿਲ ਬੋਲੇ ਜਾਣ ਵਾਲਿਆਂ ਦੀ ਗਿਣਤੀ ਵੀ 2,13,000 ਹੈ। ਜ਼ਿਕਰਯੋਗ ਹੈ ਕਿ ਲੰਡਨ ਦੇ ਤਿੰਨ ਪ੍ਰਮੁੱਖ ਸ਼ਹਿਰਾਂ ਲੰਡਨ, ਰਿਚਮੰਡ ਅਤੇ ਹਿਲਿੰਗਡਨ ਵਿੱਚ 100 ਤੋਂ ਵੱਧ ਭਾਸ਼ਾਵਾਂ ਬੋਲੀਆਂ ਜਾਂਦੀਆਂ ਹਨ।

ਇੰਗਲੈਂਡ ਅਤੇ ਵੇਲਜ਼ ਵਿੱਚ ਪੰਜਾਬੀ ਦਾ ਤੀਜੀ ਸਭ ਤੋਂ ਵੱਧ ਬੋਲੀ ਜਾਣ ਵਾਲੀ ਭਾਸ਼ਾ ਬਣਨਾ ਸ਼ੁਭ ਸ਼ਗਨ ਹੈ ਪਰ ਆਪਣੇ ਹੀ ਮੁਲਕ ਵਿੱਚ ਇਸ ਨੂੰ ਦਰਕਾਰਿਆ ਜਾਣਾ ਬਹੁਤ ਹੀ ਅਫ਼ਸੋਸਨਾਕ ਅਤੇ ਚਿੰਤਾ ਦਾ ਵਿਸ਼ਾ ਹੈ। ਕੇਂਦਰ ਸਰਕਾਰ ਵੱਲੋਂ ਪੜ੍ਹਨ ਸਬੰਧੀ ਕਰਵਾਏ ਗਏ ਪਹਿਲੇ ਸਰਵੇਖਣ ਵਿੱਚ ਤਰਜੀਹੀ ਭਾਸ਼ਾ ਵਜੋਂ ਪੰਜਾਬੀ 15ਵੇਂ ਸਥਾਨ 'ਤੇ ਹੈ। ਨੌਜਵਾਨਾਂ 'ਤੇ ਅਧਾਰਿਤ ਇਸ ਸਰਵੇਖਣ ਅਨੁਸਾਰ ਪੰਜਾਬੀ ਦੇ ਮੁਕਾਬਲੇ ਬਾਕੀ ਖੇਤਰੀ ਭਾਸ਼ਾਵਾਂ ਤਰੱਕੀ ਕਰ ਰਹੀਆਂ ਹਨ। ਨੈਸ਼ਨਲ ਬੁੱਕ ਟਰਸਟ ਅਤੇ ਨੈਸ਼ਨਲ ਇੰਸਟੀਚਿਊਟ ਆਫ ਅਪਲਾਈਡ ਇਕਨਾਮਿਕ ਰਿਸਰਚ ਵੱਲੋਂ ਕਰਵਾਏ ਗਏ ਇਸ ਸਰਵੇਖਣ ਅਨੁਸਾਰ ਸ਼ੌਕੀਆ ਪੜ੍ਹਾਈ ਵਿੱਚ ਪੰਜਾਬੀ ਭਾਸ਼ਾ ਸਭ ਤੋਂ ਪਿੱਛੇ ਹੈ ਜਦੋਂ ਕਿ ਹਿੰਦੀ ਸਭ ਤੋਂ ਅੱਗੇ ਹੈ। ਹੋਰ ਤਾਂ ਹੋਰ, ਤੇਲਗੂ, ਉਰਦੂ, ਅੰਗਰੇਜ਼ੀ ਅਤੇ ਮਨੀਪੁਰੀ ਵੀ ਪੰਜਾਬੀ ਤੋਂ ਅੱਗੇ ਹਨ। ਪੰਜਾਬੀ ਦੇ ਆਪਣੇ ਪੇਕਾ ਘਰ ਪੰਜਾਬ ਵਿੱਚ ਵੀ ਪੰਜਾਬੀ ਭਾਸ਼ਾ ਦੀ ਸਥਿਤੀ ਬਹੁਤੀ ਸੰਤੋਖਜਨਕ ਨਹੀਂ ਹੈ। ਭਾਸ਼ਾ ਦੇ ਆਧਾਰ 'ਤੇ 1966 ਵਿੱਚ ਪੰਜਾਬੀ ਸੂਬਾ ਬਣਨ ਅਤੇ 1967 ਵਿੱਚ ਰਾਜ ਭਾਸ਼ਾ ਬਣਨ ਦੇ ਬਾਵਜੂਦ ਅਜੇ ਤਕ ਪੰਜਾਬੀ ਪੂਰੀ ਤਰ੍ਹਾਂ ਸੂਬੇ ਵਿੱਚ ਲਾਗੂ ਨਹੀਂ ਹੋ ਸਕੀ। ਸਰਕਾਰੀ ਦਫ਼ਤਰਾਂ ਅਤੇ ਅਦਾਲਤਾਂ ਵਿੱਚ ਅਜੇ ਵੀ ਅੰਗਰੇਜ਼ੀ ਦਾ ਬੋਲਬਾਲਾ ਹੈ। ਹੋਰ ਤਾਂ ਹੋਰ, ਸੂਬੇ ਦੇ ਸੈਂਕੜੇ ਨਿੱਜੀ ਸਕੂਲ ਅਤੇ ਕਾਲਜ ਵੀ ਇਸ ਨੂੰ ਪਹਿਲੀ ਭਾਸ਼ਾ ਤਾਂ ਕੀ, ਦੂਜੀ ਭਾਸ਼ਾ ਦੇ ਤੌਰ 'ਤੇ ਪੜ੍ਹਾਉਣ ਤੋਂ ਵੀ ਇਨਕਾਰੀ ਹਨ। ਨੌਕਰੀਆਂ ਵਿੱਚ ਵੀ ਦਸਵੀਂ ਤਕ ਪੰਜਾਬੀ ਦੀ ਪੜ੍ਹਾਈ ਨੂੰ ਲਾਜ਼ਮੀ ਤੌਰ 'ਤੇ ਲਾਗੂ ਕਰਨ ਵਿੱਚ ਛੋਟ ਦਿੱਤੇ ਜਾਣ ਨਾਲ ਇਸ ਦੀ ਸਥਿਤੀ 'ਤੇ ਅਸਰ ਪਿਆ ਹੈ। ਸਰਕਾਰੀ ਅਤੇ ਨਿੱਜੀ ਅਦਾਰਿਆਂ, ਦਫ਼ਤਰਾਂ, ਦੁਕਾਨ ਆਦਿ ਦੇ ਬੋਰਡ ਵੀ ਅਕਸਰ ਹੀ ਅੰਗਰੇਜ਼ੀ ਵਿੱਚ ਲਿਖਾ ਕੇ ਮਾਣ ਮਹਿਸੂਸ ਕੀਤਾ ਜਾਂਦਾ ਹੈ। ਵਿਆਹ-ਸ਼ਾਦੀਆਂ ਦੇ ਸੱਦਾ-ਪੱਤਰ ਅਤੇ ਸ਼ਨਾਖ਼ਤੀ ਕਾਰਡ ਵੀ ਆਮ ਤੌਰ 'ਤੇ ਅੰਗਰੇਜ਼ੀ ਵਿੱਚ ਹੀ ਛਪਵਾਏ ਜਾਂਦੇ ਹਨ। ਇਸ ਤੋਂ ਇਲਾਵਾ ਘਰਾਂ ਦੇ ਡਰਾਇੰਗ ਰੂਮਾਂ ਵਿੱਚ ਅੰਗਰੇਜ਼ੀ ਦੇ ਮੈਗਜ਼ੀਨ, ਅਖ਼ਬਾਰ ਅਤੇ ਕਿਤਾਬਾਂ ਸਜਾ ਕੇ ਮਾਂ-ਬੋਲੀ ਪੰਜਾਬੀ ਨਾਲ ਧਰੋਹ ਕੀਤਾ ਜਾਂਦਾ ਹੈ। ਅਜੋਕੀ ਪੀੜ੍ਹੀ ਪੰਜਾਬੀ ਸਾਹਿਤ ਦੀਆਂ ਪੁਸਤਕਾਂ ਖ਼ਰੀਦਣ ਅਤੇ ਪੜ੍ਹਨ ਦੀ ਬਜਾਏ ਅੰਗਰੇਜ਼ੀ ਅਤੇ ਹਿੰਦੀ ਨੂੰ ਤਰਜੀਹ ਦੇ ਰਹੀ ਹੈ। ਸਿੱਟੇ ਵਜੋਂ ਪੰਜਾਬੀ ਭਾਸ਼ਾ ਨੂੰ ਦਿਨ-ਪ੍ਰਤੀ-ਦਿਨ ਖ਼ੋਰਾ ਲੱਗਦਾ ਜਾ ਰਿਹਾ ਹੈ। ਤਿੰਨ ਦਹਾਕੇ ਪਹਿਲਾਂ ਪੰਜਾਬੀ ਸਾਹਿਤ ਵੰਨਗੀ ਦੀ 2000 ਦੀ ਗਿਣਤੀ ਵਿੱਚ ਛਪਣ ਵਾਲੀ ਕਿਤਾਬ ਅੱਜ ਢਾਈ-ਤਿੰਨ ਸੌ ਤੋਂ ਵੱਧ ਨਹੀਂ ਛਪ ਰਹੀ। ਬਾਰਾਂ ਕਰੋੜ ਤੋਂ ਵੱਧ ਲੋਕਾਂ ਦੀ ਬੋਲੀ ਪੰਜਾਬੀ ਦੀ ਚਿੰਤਾਜਨਕ ਸਥਿਤੀ ਦੇ ਕਈ ਕਾਰਨ ਹਨ। ਵਿਸ਼ਵੀਕਰਨ ਅਤੇ ਪੱਛਮ ਦੇ ਪ੍ਰਭਾਵ ਤਹਿਤ ਵਿਦੇਸ਼ਾਂ ਅਤੇ ਵਿਦੇਸ਼ੀ ਕੰਪਨੀਆਂ ਵਿੱਚ ਨੌਕਰੀਆਂ ਦੀ ਜ਼ਰੂਰਤ ਨੇ ਨਵੀਂ ਪੀੜ੍ਹੀ ਦਾ ਪੰਜਾਬੀ ਨਾਲੋਂ ਮੋਹ ਭੰਗ ਕਰ ਕੇ ਅੰਗਰੇਜ਼ੀ ਵੱਲ ਹੇਜ ਵਧਾਇਆ ਹੈ। ਸਰਕਾਰਾਂ ਦੁਆਰਾ ਦਫ਼ਤਰਾਂ, ਅਦਾਲਤਾਂ ਅਤੇ ਉੱਚ-ਸਿੱਖਿਆ ਅਦਾਰਿਆਂ ਵਿੱਚ ਪੰਜਾਬੀ ਲਾਗੂ ਨਾ ਕਰ ਸਕਣ ਨੇ ਪੰਜਾਬੀ ਨੂੰ ਸਭ ਤੋਂ ਵੱਧ ਨੁਕਸਾਨ ਪਹੁੰਚਾਇਆ ਹੈ। ਪੰਜਾਬੀ ਦੇ ਵਿਕਾਸ ਲਈ ਕਾਇਮ ਕੀਤੇ ਗਏ ਅਦਾਰਿਆਂ, ਭਾਸ਼ਾ ਵਿਭਾਗ ਅਤੇ ਪੰਜਾਬ ਸਟੇਟ ਯੂਨੀਵਰਸਿਟੀ ਟੈਕਸਟ ਬੁੱਕ ਬੋਰਡ ਵੱਲ ਸਰਕਾਰ ਦੇ ਬੇਰੁਖ਼ੀ ਵਾਲੇ ਵਤੀਰੇ ਨੇ ਪੰਜਾਬੀ ਦਾ ਬੇਹੱਦ ਨੁਕਸਾਨ ਕੀਤਾ ਹੈ।

ਗੋਰਿਆਂ ਦੇ ਦੇਸ਼ ਵਿੱਚ ਪੰਜਾਬੀ ਨੂੰ ਮਿਲਿਆ ਮਾਣ ਸਮੁੱਚੇ ਪੰਜਾਬੀਆਂ ਲਈ ਮਾਣ ਦੇ ਨਾਲ ਪੰਜਾਬ ਵਾਸੀਆਂ ਲਈ ਮਿਹਣਾ ਵੀ ਹੈ ਕਿਉਂਕਿ ਉਹ ਆਪਣੀ ਬੋਲੀ ਨੂੰ ਵਿਸਾਰਦੇ ਜਾ ਰਹੇ ਹਨ ਜਦੋਂ ਕਿ ਪਰਵਾਸੀ ਵਿਸ਼ੇਸ਼ ਤੌਰ 'ਤੇ ਪਹਿਲੀ ਪੀੜ੍ਹੀ ਦੇ ਪੰਜਾਬੀਆਂ ਨੇ ਆਪਣੀ ਮਾਂ ਬੋਲੀ ਨੂੰ ਅਜੇ ਵੀ ਗਲੇ ਨਾਲ ਲਗਾਇਆ ਹੋਇਆ ਹੈ। ਭਾਰਤ ਤੋਂ ਇਲਾਵਾ ਇੰਗਲੈਂਡ, ਅਮਰੀਕਾ, ਕੈਨੇਡਾ, ਪਾਕਿਸਤਾਨ, ਯੂ.ਏ.ਈ., ਸਾਊਦੀ ਅਰਬ, ਹਾਂਗਕਾਂਗ, ਮਲੇਸ਼ੀਆ, ਸਾਊਥ ਅਫਰੀਕਾ ਅਤੇ ਬਰਮਾ ਵਿੱਚ ਸਵਾ ਲੱਖ ਤੋਂ ਲੈ ਕੇ 5 ਕਰੋੜ ਤਕ ਲੋਕ ਪੰਜਾਬੀ ਭਾਸ਼ਾ ਬੋਲਦੇ ਹਨ। ਇਨ੍ਹਾਂ ਤੋਂ ਇਲਾਵਾ 15 ਹੋਰ ਮੁਲਕਾਂ ਵਿੱਚ ਵੀ ਪੰਜਾਬੀ ਚੋਖੀ ਗਿਣਤੀ ਵਿੱਚ ਬੋਲੀ ਜਾਂਦੀ ਹੈ।

ਇਸ ਸੰਦਰਭ ਵਿੱਚ ਹੁਣ ਸਮੁੱਚੇ ਪੰਜਾਬੀਆਂ ਅਤੇ ਪੰਜਾਬ ਸਰਕਾਰ ਨੂੰ ਪੰਜਾਬੀ ਬੋਲੀ ਦੇ ਵਿਕਾਸ ਲਈ ਠੋਸ ਅਤੇ ਕਾਰਗਰ ਉਪਰਾਲੇ ਕਰਨ ਦੀ ਜ਼ਰੂਰਤ ਹੈ। ਕੁਝ ਸਮਾਂ ਪਹਿਲਾਂ ਯੂ.ਐਨ.ਓ. ਦੀ ਮਰ ਰਹੀਆਂ ਭਾਸ਼ਾਵਾਂ ਦੀ ਰਿਪੋਰਟ ਵਿੱਚ ਪੰਜਾਬੀ ਦੇ ਸ਼ਾਮਲ ਹੋਣ ਨੇ ਤੌਖ਼ਲੇ ਖੜ੍ਹੇ ਕਰ ਦਿੱਤੇ ਸਨ। ਭਾਵੇਂ ਇਹ ਗੱਲ ਨਿਰਮੂਲ ਹੀ ਜਾਪਦੀ ਹੋਵੇ ਪਰ ਜੇਕਰ ਪੰਜਾਬੀ ਭਾਸ਼ਾ ਦੇ ਵਿਕਾਸ ਲਈ ਠੋਸ ਕਦਮ ਨਾ ਚੁੱਕੇ ਗਏ ਅਤੇ ਪੰਜਾਬੀਆਂ ਦੁਆਰਾ ਆਪਣੀ ਮਾਂ-ਬੋਲੀ ਪ੍ਰਤੀ ਬਣ ਚੁੱਕੀ ਤੰਗਦਿਲ ਮਾਨਸਿਕਤਾ ਵਿੱਚ ਬਦਲਾਅ ਨਾ ਲਿਆਂਦਾ ਗਿਆ ਤਾਂ ਅਜਿਹਾ ਭਾਣਾ ਵਰਤਣ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਇਸ ਸੰਦਰਭ ਵਿੱਚ ਸਮੂਹ ਪੰਜਾਬੀਆਂ, ਵਿਸ਼ੇਸ਼ ਕਰਕੇ ਪੰਜਾਬ ਸਰਕਾਰ ਨੂੰ ਮਾਂ-ਬੋਲੀ ਪੰਜਾਬੀ ਦੇ ਵਿਕਾਸ ਲਈ ਠੋਸ ਉਪਰਾਲੇ ਕਰਨ ਦੀ ਜ਼ਰੂਰਤ ਹੈ।

ਪੰਜਾਬ ਵਿਚ ਤੇਜ਼ੀ ਨਾਲ ਵਧਦੀਆਂ ਜਾ ਰਹੀਆਂ ਚੋਰੀਆਂ-ਠੱਗੀਆਂ, ਨਸ਼ੀਲੇ ਪਦਾਰਥ ਅਤੇ ਡਾਕੇ

ਮੰਦਭਾਗੀਆਂ ਵਾਰਦਾਤਾਂ ਨੂੰ ਮੱਦੇਨਜ਼ਰ ਰੱਖਦਿਆਂ ਪੰਜਾਬ ਦੇ ਚੱਪੇ-ਚੱਪੇ 'ਤੇ ਪੁਲੀਸ ਦਾ ਜਾਲ ਵਿਛਾਇਆ ਗਿਆ ਹੈ। ਇਸ ਦੇ ਬਾਵਜੂਦ ਚੋਰੀਆਂ, ਡਾਕੇ, ਲੁੱਟਾਂ-ਖੋਹਾਂ, ਛੇੜ-ਛਾੜ, ਮਾਰ-ਧਾੜ, ਅਗਵਾ, ਫਿਰੌਤੀ, ਬਦਫੈਲੀ ਜਿਹੀਆਂ ਵਾਰਦਾਤਾਂ ਰੁਕਣ ਦਾ ਨਾਮ ਨਹੀਂ ਲੈ ਰਹੀਆਂ। ਇਸ ਦਾ ਅਰਥ ਤਾਂ ਇਹੀ ਹੋਇਆ ਕਿ ਸਮਾਜ ਅਤੇ ਦੇਸ਼ ਦੇ ਦੁਸ਼ਮਣਾਂ ਨੂੰ ਕਿਸੇ ਵੀ ਕਿਸਮ ਦਾ ਡਰ-ਭੈਅ ਨਹੀਂ ਰਿਹਾ। ਕੋਈ ਸਮਾਂ ਸੀ ਜਦੋਂ ਪੁਲੀਸ ਦਾ ਖੌਫ਼ ਮੰਨਿਆ ਜਾਂਦਾ ਸੀ ਪਰ ਅੱਜ ਖਾਕੀ ਦੀ ਕੋਈ ਪਰਵਾਹ ਨਹੀਂ ਕੀਤੀ ਜਾਂਦੀ। ਮਾੜੇ ਦਿਨਾਂ ਸਮੇਂ ਖਾਕੀ ਆਪਣਾ ਮੂਲ ਪ੍ਰਭਾਵ ਗੁਆ ਬੈਠੀ। ਜੇ ਸੱਚ ਪੁੱਛਿਆ ਜਾਵੇ ਤਾਂ ਖਾਕੀ ਦਾ ਪ੍ਰਭਾਵ ਘਟਣ ਵਿੱਚ ਨਾ ਸਿਰਫ਼ ਨੇਤਾ ਜਾਂ ਗਲਤ ਅਨਸਰ ਬਲਕਿ ਉਹ ਖੁਦ ਵੀ ਜ਼ਿੰਮੇਵਾਰ ਹੈ। ਕਈ ਵਾਰਦਾਤਾਂ ਵਿੱਚ ਕੁਝ-ਇੱਕ ਮੁਲਾਜ਼ਮਾਂ ਦੀ ਗਲਤੀ ਸਮੁੱਚੀ ਫੋਰਸ ਨੂੰ ਦਾਗ਼ਦਾਰ ਕਰ ਦਿੰਦੀ ਹੈ।

ਲੋਕਾਂ ਦਾ ਸੋਚਣਾ ਹੈ ਕਿ ਪੁਲੀਸ ਹੁਣ ਪਹਿਲਾਂ ਵਾਲੀ ਨਹੀਂ ਰਹੀ। ਕਾਫ਼ੀ ਹੱਦ ਤਕ ਹਾਲਾਤ ਨੇ ਇਸ ਦੇ ਅਕਸ ਨੂੰ ਠੇਸ ਪਹੁੰਚਾਈ ਹੈ। ਦੋਸ਼ੀਆਂ ਨੂੰ ਫੜਨ ਉਪਰੰਤ ਅਜੇ ਚੌਂਕੀ ਜਾਂ ਥਾਣੇ ਪਹੁੰਚਾਇਆ ਵੀ ਨਹੀਂ ਗਿਆ ਹੁੰਦਾ ਕਿ ਕਿਸੇ ਨਾ ਕਿਸੇ ਅਸਰ ਰਸੂਖ ਵਾਲੇ ਅਫ਼ਸਰ ਜਾਂ ਨੇਤਾ ਦੀ ਸਿਫ਼ਾਰਸ਼ ਇਨ੍ਹਾਂ ਵੱਲੋਂ ਕੀਤੀ ਗਈ ਕਾਰਵਾਈ 'ਤੇ ਪਾਣੀ ਫੇਰ ਦਿੰਦੀ ਹੈ। ਉਸ ਵੇਲੇ ਇਸ ਦੀ ਦਸ਼ਾ ਕੀ ਹੁੰਦੀ ਹੋਵੇਗੀ, ਜਿਸ ਵੇਲੇ ਅਪਰਾਧੀ ਨੂੰ ਮਜਬੂਰਨ ਬਰੀ ਹੀ ਨਾ ਕਰਨਾ ਪੈ ਰਿਹਾ ਹੋਵੇ ਬਲਕਿ ਮਜਬੂਰੀਵੱਸ ਉਸ ਨੂੰ 'ਸੌਰੀ ਸਰ' ਵੀ ਕਹਿਣਾ ਪੈ ਰਿਹਾ ਹੋਵੇ? ਅਜਿਹੇ ਹਾਲਾਤ ਵਿੱਚ ਦੋਸ਼ੀਆਂ ਦੇ ਗਿਰੇਵਾਨਾਂ ਤਾਈਂ ਹੱਥ ਪਾਉਣ ਦੀ ਜ਼ਰੂਰਤ ਹੀ ਕੀ ਰਹਿ ਜਾਂਦੀ ਹੈ? ਕੌਣ ਨਹੀਂ ਜਾਣਦਾ ਕਿ ਸਰਕਾਰੇ-ਦਰਬਾਰੇ ਪਹੁੰਚ ਵਾਲਿਆਂ ਤੋਂ ਸਿਵਾਏ ਕਾਨੂੰਨ ਤੋੜਨ ਦੀ ਹੋਰ ਕੋਈ ਹਿੰਮਤ ਵੀ ਕਿਵੇਂ ਕਰ ਸਕਦਾ ਹੈ?

ਵਿਹਲੜ, ਅਵਾਰਾ ਅਤੇ ਗੁੰਡਾ ਅਨਸਰਾਂ ਕੋਲ ਮਹਿੰਗੀਆਂ ਗੱਡੀਆਂ, ਜ਼ਮੀਨਾਂ, ਬੰਗਲੇ ਅਤੇ ਨੋਟਾਂ ਦੇ ਭੰਡਾਰ ਕਿੱਥੋਂ ਆਉਂਦੇ ਹਨ? ਅਜਿਹੀ ਕਮਾਈ ਨਸ਼ਿਆਂ ਦੇ ਧੰਦੇ, ਫਿਰੌਤੀਆਂ, ਅਗਵਾ ਅਤੇ ਲੁੱਟਾਂ-ਖੋਹਾਂ ਤੋਂ ਪ੍ਰਾਪਤ ਹੁੰਦੀ ਹੈ। ਇਹ ਸਭ ਜਾਣਦਿਆਂ ਹੋਇਆਂ ਪੁਲੀਸ ਉਨ੍ਹਾਂ ਨੂੰ ਹੱਥ ਨਹੀਂ ਪਾਉਂਦੀ। ਉਹ ਆਪਣੀ ਨੌਕਰੀ ਲਈ ਖ਼ਤਰਾ ਨਹੀਂ ਸਹੇੜਨਾ ਚਾਹੁੰਦੀ ਕਿਉਂਕਿ ਉਹ ਜਾਣਦੀ ਹੈ ਕਿ ਇਹ ਸਭ ਪਹੁੰਚ ਵਾਲੇ ਅਨਸਰ ਹੁੰਦੇ ਹਨ। ਇਨ੍ਹਾਂ ਨੂੰ ਹੱਥ ਪਾਉਣਾ, ਜ਼ਿੰਦਗੀ ਅਤੇ ਨੌਕਰੀ ਨੂੰ ਦਾਅ 'ਤੇ ਲਗਾਉਣ ਦੇ ਸਮਾਨ ਹੈ। ਇਹ ਵੀ ਜ਼ਰੂਰੀ ਨਹੀਂ ਕਿ ਸਾਰੇ ਰਈਸ, ਗਲਤ ਧੰਦਿਆਂ ਦੀ ਦੇਣ ਹੁੰਦੇ ਹਨ। ਕਈਆਂ ਦੀ ਕਿਸਮਤ ਸਾਥ ਦੇ ਜਾਂਦੀ ਹੈ ਅਤੇ ਕਈ ਰਈਸ ਬਣਨ ਲਈ ਜ਼ਿੰਦਗੀਆਂ ਨੂੰ ਦਾਅ 'ਤੇ ਲਾ ਦਿੰਦੇ ਹਨ ਅਤੇ ਕਾਨੂੰਨ ਨੂੰ ਹੱਥ ਵਿੱਚ ਲੈਣ ਤੋਂ ਵੀ ਨਹੀਂ ਝਿਜਕਦੇ।

ਕਾਨੂੰਨ ਬਣਾਏ ਤਾਂ ਲੋਕਾਂ ਦੀ ਹਿਫ਼ਾਜ਼ਤ ਲਈ ਜਾਂਦੇ ਹਨ ਪਰ ਸਰਕਾਰੇ-ਦਰਬਾਰੇ ਪਹੁੰਚ ਰੱਖਣ ਵਾਲਿਆਂ ਲਈ ਕਾਨੂੰਨ ਨਾਮ ਦੀ ਨਾ ਤਾਂ ਕੋਈ ਕੜੀ ਹੈ ਅਤੇ ਨਾ ਹੀ ਉਨ੍ਹਾਂ ਨੂੰ ਇਸ ਦੀ ਕੋਈ ਪਰਵਾਹ ਹੀ ਹੈ। ਅਜਿਹੇ ਹਾਲਾਤ ਵਿੱਚ ਰੱਖ-ਰਖਾਅ ਜਿਹੀਆਂ ਹਦਾਇਤਾਂ ਵੀ ਖ਼ਾਸ ਮਾਅਨੇ ਨਹੀਂ ਰੱਖਦੀਆਂ। ਦੋ ਪਹੀਆ ਵਾਹਨਾਂ 'ਤੇ ਵੱਧ ਸਵਾਰੀ, ਮੋਟਰਸਾਈਕਲਾਂ ਦੇ ਸਾਇਲੈਂਸਰ, ਨੀਲੀਆਂ ਹੈੱਡ ਲਾਈਟਾਂ, ਮਨਮਰਜ਼ੀ ਦੀਆਂ ਨੰਬਰ ਪਲੇਟਾਂ ਅਤੇ ਅਣਚਾਹੀ ਸਪੀਡ ਨਾਲ ਮੌਤ ਨੂੰ ਦਾਅਵਤਾਂ ਦਿੰਦੇ ਨੌਜਵਾਨ ਆਮ ਹੀ ਦਨਦਨਾਉਂਦੇ ਦੇਖੇ ਜਾ ਸਕਦੇ ਹਨ। ਅਣਕੱਜਿਆ ਰੇਤਾ, ਮਿੱਟੀ, ਬਜਰੀ, ਇੱਟਾਂ, ਮਲਬੇ ਆਦਿ ਨਾਲ ਲੱਦੀਆਂ ਟਰਾਲੀਆਂ 'ਚ ਇੱਕ-ਦੂਜੇ ਤੋਂ ਅੱਗੇ ਲੰਘਣ ਦੀ ਦੌੜ ਲੱਗੀ ਹੁੰਦੀ ਹੈ। ਜੇ ਕਿਧਰੇ ਅਚਾਨਕ ਬਰੇਕ ਲਗਾਉਣੀ ਪੈ ਜਾਵੇ ਤਾਂ ਹਾਦਸਾ ਵਾਪਰਨ ਦਾ ਖ਼ਤਰਾ ਬਣਿਆ ਰਹਿੰਦਾ ਹੈ।

ਨਵੀਆਂ ਕਾਰਾਂ ਦੇ ਚਾਅ 'ਚ ਨੌਜਵਾਨ ਗਲੀ-ਮੁਹੱਲਿਆਂ, ਬਜ਼ਾਰਾਂ ਅਤੇ ਚੌਂਕਾਂ ਵਿੱਚ ਖੜੇ ਖ਼ਰਮਸਤੀ ਕਰਦੇ ਆਮ ਹੀ ਦੇਖੇ ਜਾ ਸਕਦੇ ਹਨ। ਇਹ ਆਪਣੇ ਝੁੰਡ ਨਾਲ ਕਾਰ ਦੀ ਧਮਕ ਸੁਣਾਉਣ ਲਈ ਬਿਨਾਂ ਵਜ੍ਹਾ ਕਾਰ ਖੜ੍ਹੀ ਕਰ ਕਰਦੇ ਸਮਾਂ ਬਤੀਤ ਕਰਦੇ ਨਜ਼ਰ ਆਉਂਦੇ ਹਨ ਜਦੋਂ ਕਿ ਇਹ ਭਾਰੀ ਆਵਾਜ਼ ਦਿਲ, ਦਿਮਾਗ ਅਤੇ ਬਲੱਡ ਪ੍ਰੈਸ਼ਰ ਦੇ ਮਰੀਜ਼ਾਂ ਲਈ ਬਹੁਤ ਹੀ ਘਾਤਕ ਸਾਬਤ ਹੋ ਸਕਦੀ ਹੈ ਪਰ ਇਨ੍ਹਾਂ ਨੂੰ ਦੂਜਿਆਂ ਦੀ ਪ੍ਰੇਸ਼ਾਨੀ ਨਾਲ ਕੋਈ ਵਾਹ-ਵਾਸਤਾ ਨਹੀਂ ਹੁੰਦਾ। ਇਸ ਸਭ ਦੇ ਬਾਵਜੂਦ ਪੁਲੀਸ ਕੁਝ ਖ਼ਾਸ ਕਾਰਵਾਈ ਕਰਦੀ ਨਜ਼ਰ ਨਹੀਂ ਆਉਂਦੀ। ਇਹ ਸਭ ਕੁਝ ਬੰਦ ਹੋ ਸਕਦਾ ਹੈ। ਸ਼ੋਰ ਪ੍ਰਦੂਸ਼ਣ ਪੈਦਾ ਕਰਨ ਵਾਲੇ ਇਹ ਉਪਕਰਨ ਆਖ਼ਰ ਕਿਸੇ ਦੁਕਾਨ, ਵਰਕਸ਼ਾਪ, ਫੈਕਟਰੀ ਜਾਂ ਇੰਡਸਟਰੀ ਵਿੱਚ ਹੀ ਤਿਆਰ ਹੁੰਦੇ ਹੋਣਗੇ। ਫਿਰ ਇਨ੍ਹਾਂ ਦੇ ਮਾਲਕਾਂ ਨੂੰ ਨੱਥ ਕਿਉਂ ਨਹੀਂ ਪਾਈ ਜਾਂਦੀ? ਪ੍ਰਸ਼ਾਸਨ ਅਤੇ ਸਰਕਾਰ ਲਈ ਇਸ ਦੀ ਰੋਕਥਾਮ ਇੱਕ ਵੱਡੀ ਚੁਣੌਤੀ ਹੈ। ਸਮੇਂ ਦੀ ਮੰਗ ਹੈ ਕਿ ਲੋਕਾਂ ਨੂੰ ਪ੍ਰੇਸ਼ਾਨੀਆਂ ਤੋਂ ਨਿਜਾਤ ਦਿਵਾਉਣ ਵਾਸਤੇ ਸਾਰਥਕ ਉਪਰਾਲੇ ਕੀਤੇ ਜਾਣ। ਇਨ੍ਹਾਂ ਪ੍ਰਤੀ ਅਣਦੇਖੀ ਬਹੁਤ ਵੱਡੀ ਅਣਗਹਿਲੀ ਹੈ। ਅਖੀਰ ਗੱਲ ਤਾਂ ਇੱਥੇ ਆ ਕੇ ਮੁੱਕਦੀ ਹੈ ਕਿ ਪੁਲੀਸ ਦੀ ਹਾਲਤ ਪਤਲੀ ਹੈ, ਸ਼ਾਇਦ ਨਹੀਂ, ਪਤਲੀ ਕਰ ਦਿੱਤੀ ਗਈ ਹੈ। ਇਹੀ ਕਾਰਨ ਹੈ ਕਿ ਅਪਰਾਧੀਆਂ ਦੇ ਹੌਂਸਲੇ ਬਹੁਤ ਵਧ ਚੁੱਕੇ ਹਨ। ਕਈ ਵਾਰ ਲੋਕ ਕਾਰਵਾਈ ਕਰਨ ਗਈ ਪੁਲੀਸ ਉਪਰ ਪੱਥਰ ਮਾਰਨ ਤਕ ਉਤਾਰੂ ਹੋ ਜਾਂਦੇ ਹਨ, ਹੱਥੋਪਾਈ ਤਕ ਦੀ ਨੌਬਤ ਆ ਜਾਂਦੀ ਹੈ ਅਤੇ ਕਈ ਵਾਰ ਤਾਂ ਵਰਦੀ ਨੂੰ ਹੱਥ ਪਾ ਲਿਆ ਜਾਂਦਾ ਹੈ।

ਜਦੋਂ ਪੁਲੀਸ ਪ੍ਰਸ਼ਾਸਨ ਸਖ਼ਤਾਈ ਤੋਂ ਕੰਮ ਲੈਂਦਾ ਹੈ ਤਾਂ ਉਦੋਂ ਰਸੂਖ ਵਾਲੇ ਆਪਣੇ ਕਾਫ਼ਲਿਆਂ ਸਮੇਤ ਆ ਧਮਕਦੇ ਹਨ, ਘਿਰਾਓ ਕਰਦੇ ਹਨ, ਨਾਅਰੇਬਾਜ਼ੀ ਕਰਦੇ ਹਨ ਜਿਸ ਨਾਲ ਗੁੰਡਾ ਅਨਸਰਾਂ ਨੂੰ ਹੋਰ ਸ਼ਹਿ ਮਿਲ ਜਾਂਦੀ ਹੈ। ਪੁਲੀਸ ਤਾਂ ਲੋਕਾਂ ਦਾ ਸੁਰੱਖਿਆ ਕਵਚ ਹੈ ਪਰ ਉਸ ਦਾ ਆਪਣਾ ਕਵਚ ਕਿੱਥੇ ਹੈ? ਕੀ ਸਾਡੇ ਨੇਤਾਵਾਂ ਜਾਂ ਪ੍ਰਸ਼ਾਸਨ ਨੇ ਇਸ ਬਾਰੇ ਵਿਚਾਰਨ ਦੀ ਕਦੇ ਜ਼ਹਿਮਤ ਉਠਾਈ ਹੈ? ਵੀ.ਆਈ.ਪੀ. ਹਸਤੀਆਂ ਦੀ ਹਿਫ਼ਾਜ਼ਤ ਵਾਸਤੇ ਦੂਰ-ਦੁਰੇਡਿਓਂ ਪੁਲੀਸ ਦੀਆਂ ਟੁਕੜੀਆਂ ਬੁਲਾ ਲਈਆਂ ਜਾਂਦੀਆਂ ਹਨ। ਇਸ ਮੌਕੇ ਚਾਰੇ ਪਾਸੇ ਚੌਕਸੀ ਨਾਲ ਡਿਊਟੀ ਨਿਭਾਉਣ ਵਾਲੀ ਪੁਲੀਸ ਦੇ ਰਹਿਣ-ਬਹਿਣ ਅਤੇ ਖਾਣ-ਪੀਣ ਦਾ ਕੋਈ ਪ੍ਰਬੰਧ ਨਹੀਂ ਕੀਤਾ ਗਿਆ ਹੁੰਦਾ। ਖੱਜਲ-ਖੁਆਰੀ ਦੇ ਆਲਮ ਵਿੱਚੋਂ ਵਿਚਰਦੇ ਹੋਏ ਇਹ ਆਪਣੇ ਠਿਕਾਣਿਆਂ 'ਤੇ ਕਿਵੇਂ ਪਹੁੰਚਦੇ ਹਨ, ਸ਼ਾਇਦ ਕਿਸੇ ਨੇ ਨੋਟਿਸ ਲੈਣ ਦੀ ਜ਼ਰੂਰਤ ਨਹੀਂ ਸਮਝੀ ਹੋਵੇਗੀ। ਮੀਂਹ, ਹਨੇਰੀ ਅਤੇ ਕੜਾਕੇ ਦੀ ਸਰਦੀ ਵਿੱਚ ਵੀ ਪੁਲੀਸ ਮੁਲਾਜ਼ਮਾਂ ਨੂੰ ਆਪਣੀ ਡਿਊਟੀ ਦਿਨ-ਰਾਤ ਨਿਭਾਉਣੀ ਪੈਂਦੀ ਹੈ। ਉਹ ਅਜਿਹੀਆਂ ਪ੍ਰਸਥਿਤੀਆਂ ਦਾ ਸਾਹਮਣਾ ਕਿੰਜ ਕਰਦੇ ਹਨ, ਇਹ ਤਾਂ ਉਹੀ ਜਾਣਦੇ ਹਨ।

ਪੁਲੀਸ ਦੀ ਹਿਫ਼ਾਜ਼ਤ ਨੂੰ ਦਰਪੇਸ਼ ਆਉਂਦੀਆਂ ਵੱਖ-ਵੱਖ ਔਕੜਾਂ ਅਤੇ ਪ੍ਰੇਸ਼ਾਨੀਆਂ ਨੂੰ ਧਿਆਨ ਵਿੱਚ ਰੱਖਦਿਆਂ ਹੋਇਆਂ ਚੌਕਾਂ ਵਿੱਚ ਆਰਜ਼ੀ ਖੋਖਾਨੁਮਾ ਚੌਕੀਆਂ ਦਾ ਪ੍ਰਬੰਧ ਕੀਤਾ ਜਾਣਾ ਚਾਹੀਦਾ ਹੈ। ਇਨ੍ਹਾਂ ਦੀ ਡਿਊਟੀ ਦਾ ਸਮਾਂ ਏਨਾ ਕੁ ਚਾਹੀਦਾ ਹੈ, ਜਿੰਨੇ ਸਮੇਂ ਵਿੱਚ ਹਰ ਪੁਲੀਸ ਵਾਲਾ ਚੌਕਸ ਰਹਿ ਸਕਦਾ ਹੋਵੇ।

-ਡਾ. ਚਮਨ ਲਾਲ ਹੁਸ਼ਿਆਰਪੁਰੀ

ਕਿਹੜੀ ਦਿਸ਼ਾ ਵੱਲ ਜਾ ਰਿਹੈ ਪੰਜਾਬ?

ਨਾਅਰੇ ਲਗਾਉਂਦੀ ਹੈ ਪਰ ਇਸ ਦੀ ਕਹਿਣੀ ਅਤੇ ਕਥਨੀ 'ਚ ਫ਼ਰਕ ਹੈ।

ਪੰਜਾਬ ਦਾ ਖ਼ਜ਼ਾਨਾ ਖ਼ਾਲੀ ਹੈ, ਸਰਕਾਰ ਕੋਲ ਮੁਲਾਜ਼ਮਾਂ ਨੂੰ ਤਨਖ਼ਾਹਾਂ ਦੇਣ ਲਈ ਪੈਸੇ ਨਹੀਂ ਹਨ। ਬਜ਼ੁਰਗ ਮਹੀਨਿਆਂ ਬੱਧੀ 250 ਰੁਪਏ ਮਹੀਨਾ ਪੈਨਸ਼ਨ ਨੂੰ ਉਡੀਕਦੇ ਰਹਿ ਜਾਂਦੇ ਹਨ। ਪੰਜਾਬ ਦੀ ਟਰਾਂਸਪੋਰਟ ਘਾਟੇ 'ਚ ਜਾ ਰਹੀ ਹੈ। ਰੂਟ ਪਰਮਿਟ ਤਾਂ ਪ੍ਰਾਈਵੇਟ ਲੋਕਾਂ ਕੋਲ ਹਨ, ਫਿਰ ਪਬਲਿਕ ਟਰਾਂਸਪੋਰਟ ਵਾਧੇ ਵਿੱਚ ਕਿਵੇਂ ਹੋਵੇ? ਪੰਜਾਬ ਦੇ ਸਕੂਲ /ਕਾਲਜ /ਤਕਨੀਕੀ ਸੰਸਥਾਵਾਂ ਮੁਖੀਆਂ ਅਤੇ ਜ਼ਰੂਰੀ ਸੁਵਿਧਾਵਾਂ ਤੋਂ ਬਿਨਾਂ ਚੱਲ ਰਹੀਆਂ ਹਨ। ਜਦੋਂ ਤੋਂ ਪੰਜਾਬ 'ਚ ਸਿੱਖਿਆ ਵਪਾਰ ਬਣ ਗਈ ਹੈ ਉਦੋਂ ਤੋਂ ਹੀ ਪ੍ਰਾਈਵੇਟ ਯੂਨੀਵਰਸਿਟੀਆਂ ਦੇ ਖ਼ਜ਼ਾਨੇ ਭਰਪੂਰ ਹੋ ਰਹੇ ਹਨ।

ਅੱਜ, ਪੰਜਾਬ ਦਾ ਪਾਣੀ ਗੰਦਲਾ ਹੋ ਚੁੱਕਿਆ ਹੈ, ਹਵਾ ਪ੍ਰਦੂਸ਼ਿਤ ਹੋ ਚੁੱਕੀ ਹੈ, ਟੁੱਟੀਆਂ-ਫੁੱਟੀਆਂ ਲਿੰਕ ਸੜਕਾਂ ਮੁਰੰਮਤ ਦੀ ਉਡੀਕ ਵਿੱਚ ਹਨ, ਖੇਤੀ ਅਤੇ ਉਸ ਨਾਲ ਸਬੰਧਤ ਕਿੱਤੇ ਘਾਟੇ 'ਚ ਜਾ ਰਹੇ ਹਨ, ਬਿਜਲੀ ਦੀ ਉਡੀਕ ਸਿਆਲਾਂ 'ਚ ਵੀ ਰਹਿੰਦੀ ਹੈ ਤਾਂ ਫਿਰ ਕਿਹੋ ਜਿਹੀ ਤਰੱਕੀ ਕਰ ਰਿਹਾ ਹੈ ਪੰਜਾਬ? ਹਾਂ, ਸ਼ਾਇਦ ਪੰਜਾਬ ਤਰੱਕੀ ਕਰ ਰਿਹਾ ਹੈ, ਸਿਆਸਤਦਾਨਾਂ ਦੀ ਇੱਕ ਖ਼ਚਰੀ ਅਤੇ ਵੰਸ਼ਵਾਦੀ ਜਮਾਤ ਪੈਦਾ ਕਰ ਕੇ। ਇਹ ਤਰੱਕੀ ਕਰ ਰਿਹਾ ਹੈ ਆਪਣੀ ਸੱਭਿਆਚਾਰਕ ਹੋਂਦ ਨੂੰ ਵਿਗਾੜ ਕੇ, ਆਪਣੀ 'ਮਾਂ ਬੋਲੀ ਪੰਜਾਬੀ' ਨੂੰ ਭੁੱਲ ਕੇ। ਇਹ ਤਰੱਕੀ ਕਰ ਰਿਹਾ ਹੈ ਲੋਕਾਂ ਦੀਆਂ ਤੰਗੀਆਂ-ਤੁਰਸ਼ੀਆਂ, ਜੁਰਮਾਂ, ਕਿਸਾਨਾਂ ਦੀਆਂ ਖ਼ੁਦਕੁਸ਼ੀਆਂ, ਬਲਾਤਕਾਰਾਂ ਦੀਆਂ ਘਟਨਾਵਾਂ 'ਚ ਵਾਧੇ ਵੱਲ ਨਾ ਕਿ ਇੱਕ ਸਹੀ ਦਿਸ਼ਾ ਵੱਲ।

ਸਵਾਈਨ ਫਲੂ ਬਣਿਆ ਪੰਜਾਬ ਵਿੱਚ ਜਾਨ ਦਾ ਖੌਅ

ਪੰਜਾਬ ਵਿੱਚ ਸਵਾਈਨ ਫਲੂ ਨਾਲ ਹਰ ਦੂਜੇ ਦਿਨ ਇੱਕ ਮੌਤ ਹੋ ਰਹੀ ਹੈ ਅਤੇ ਤਿੰਨ ਨਵੇਂ ਮਰੀਜ਼ ਬਿਮਾਰੀ ਦੀ ਜਕੜ ਵਿੱਚ ਆ ਰਹੇ ਹਨ। ਸਿਹਤ ਵਿਭਾਗ ਨੇ ਰਾਜ ਵਿੱਚ ਚੌਕਸੀ ਦੇ ਆਦੇਸ਼ ਜਾਰੀ ਕਰ ਦਿੱਤੇ ਹਨ। ਪ੍ਰਾਪਤ ਜਾਣਕਾਰੀ ਅਨੁਸਾਰ ਰਾਜ ਵਿੱਚ ਪਹਿਲੀ ਤੋਂ ਲੈ ਕੇ 30 ਜਨਵਰੀ ਤਕ ਇਸ ਬਿਮਾਰੀ ਕਾਰਨ 15 ਮੌਤਾਂ ਹੋ ਚੁੱਕੀਆਂ ਹਨ। ਫਲੂ ਦੀ ਲਪੇਟ ਵਿੱਚ ਆਏ ਲੋਕਾਂ ਦੀ ਗਿਣਤੀ 89 ਨੂੰ ਟੱਪ ਗਈ ਹੈ। ਇਨ੍ਹਾਂ ਵਿੱਚੋਂ ਨੌਂ ਮਰੀਜ਼ ਬੀਤੇ ਦਿਨ ਸਾਹਮਣੇ ਆਏ ਹਨ। ਫਲੂ ਦੇ ਮਰੀਜ਼ਾਂ ਵਿੱਚੋਂ ਪੰਜਾਬ ਦੇ ਵਸਨੀਕਾਂ ਦੀ ਗਿਣਤੀ 74 ਹੈ ਜਦੋਂ ਕਿ ਬਾਕੀ ਦੂਜੇ ਰਾਜਾਂ ਦੇ ਦੱਸੇ ਗਏ ਹਨ।

ਪੰਜਾਬ ਸਿਹਤ ਵਿਭਾਗ ਨੇ ਅੱਜ ਸਕੂਲਾਂ, ਕਾਲਜਾਂ ਅਤੇ ਹਸਪਤਾਲਾਂ ਲਈ ਵਿਸ਼ੇਸ਼ ਹਦਾਇਤਾਂ ਜਾਰੀ ਕਰ ਦਿੱਤੀਆਂ ਹਨ। ਸਿਹਤ ਵਿਭਾਗ ਨੇ ਸਕੂਲ ਮੁਖੀਆਂ ਨੂੰ ਇੱਕ ਪੱਤਰ ਭੇਜ ਕੇ ਕਿਹਾ ਹੈ ਕਿ ਉਹ ਸਵਾਈਨ ਫਲੂ ਦੇ ਲੱਛਣਾਂ ਵਾਲੇ ਬੱਚਿਆਂ ਨੂੰ ਹਫ਼ਤੇ ਭਰ ਲਈ ਅਗਾਊਂ ਛੁੱਟੀਆਂ ਦੇ ਕੇ ਘਰੀ ਭੇਜ ਦੇਣ। ਗੌਰਮਿੰਟ ਅਤੇ ਨਿੱਜੀ ਹਸਪਤਾਲਾਂ ਨੂੰ ਵੀ ਬਿਮਾਰ ਮਰੀਜ਼ਾਂ ਦੇ ਪਰਿਵਾਰਾਂ ਅਤੇ ਉਨ੍ਹਾਂ ਦੇ ਨਜ਼ਦੀਕੀਆਂ ਨੂੰ ਇਹਤਿਆਤ ਵਜੋਂ ਦਵਾਈ ਦੇਣ ਦੇ ਆਦੇਸ਼ ਦਿੱਤੇ ਗਏ ਹਨ। ਵਿਭਾਗ ਨੇ ਸਵਾਈਨ ਫਲੂ ਦੇ ਮਰੀਜ਼ਾਂ ਦੇ ਮੁਫ਼ਤ ਇਲਾਜ ਦੀ ਜ਼ਿੰਮੇਵਾਰੀ ਆਪਣੇ ਸਿਰ ਲੈ ਲਈ ਗਈ ਹੈ। ਇਸ ਵਿੱਚ ਮੈਡੀਕਲ ਟੈਸਟ ਅਤੇ ਦਵਾਈ ਸ਼ਾਮਲ ਹੈ।

ਸਰਕਾਰ ਵਲੋਂ ਫਲੂ ਦੀ ਮੈਡੀਕਲ ਜਾਂਚ ਲਈ ਥੁੱਕ ਦਾ ਨਮੂਨਾ ਲੈਣ ਦੇ ਪ੍ਰਬੰਧ ਜ਼ਿਲ੍ਹਾ ਪੱਧਰ ਦੇ ਸਰਕਾਰੀ ਹਸਪਤਾਲਾਂ ਵਿੱਚ ਕੀਤੇ ਗਏ ਹਨ ਪਰ ਲੈਬਾਰਟਰੀ ਟੈਸਟਾਂ ਦੀ ਸਹੂਲਤ ਪੀਜੀਆਈ ਵਿੱਚ ਹੀ ਹੈ।

ਫਲੂ ਦੇ ਮਰੀਜ਼ਾਂ ਅਤੇ ਮੌਤਾਂ ਦੀ ਜਿਹੜੀ ਗਿਣਤੀ ਦੱਸੀ ਗਈ ਹੈ, ਉਸ ਵਿੱਚ ਚੰਡੀਗੜ੍ਹ ਦੀ ਗਿਣਤੀ ਵੀ ਸ਼ਾਮਲ ਹੈ। ਪੰਜਾਬ ਤੋਂ ਵੱਡੀ ਗਿਣਤੀ ਮਰੀਜ਼ ਪੀਜੀਆਈ ਸਮੇਤ ਦੂਜੇ ਵੱਡੇ ਹਸਪਤਾਲਾਂ ਵਿੱਚ ਦਾਖ਼ਲ ਹੋ ਰਹੇ ਹਨ। ਇਸ ਬਿਮਾਰੀ ਨਾਲ ਆਖ਼ਰੀ ਮੌਤ ਆਦੇਸ਼ ਮੈਡੀਕਲ ਕਾਲਜ ਅਤੇ ਹਸਪਤਾਲ ਬਠਿੰਡਾ ਵਿਖੇ ਹੋਈ ਹੈ।

ਇੱਕ ਵੱਖਰੀ ਜਾਣਕਾਰੀ ਅਨੁਸਾਰ ਚੰਡੀਗੜ੍ਹ ਵਿੱਚ ਅੱਜ ਤਕ 52 ਮਰੀਜ਼ਾਂ ਨੂੰ ਫਲੂ ਦੀ ਪੁਸ਼ਟੀ ਹੋਈ ਹੈ। ਇਨ੍ਹਾਂ ਵਿੱਚ ਪੰਜਾਬ ਦੇ ਵੱਡੀ ਗਿਣਤੀ ਮਰੀਜ਼ ਸ਼ਾਮਲ ਹਨ। ਪੀਜੀਆਈ ਵਿੱਚ ਫਲੂ ਨਾਲ ਮਰਨ ਵਾਲਿਆਂ ਦੀ ਗਿਣਤੀ ਨੌਂ ਹੋ ਗਈ ਹੈ। ਇਨ੍ਹਾਂ ਵਿੱਚੋਂ ਦੋ ਮਰੀਜ਼ ਚੰਡੀਗੜ੍ਹ ਦੇ ਸਨ। ਚੰਡੀਗੜ੍ਹ ਵਿੱਚ ਬਿਮਾਰੀ ਨੂੰ ਦੇਖਦਿਆਂ ਤਿੰਨ ਵੱਡੇ ਹਸਪਤਾਲਾਂ 'ਚ ਸਵਾਈਨ ਫਲੂ ਦੇ ਮਰੀਜ਼ਾਂ ਲਈ ਵੱਖਰੇ ਵਾਰਡ ਬਣਾ ਦਿੱਤੇ ਗਏ ਹਨ। ਪੰਜਾਬ ਸਿਹਤ ਵਿਭਾਗ ਦੇ ਨੋਡਲ ਅਫਸਰ ਡਾ. ਦੀਪਕ ਭਾਟੀਆ ਨੇ ਕਿਹਾ ਕਿ ਸਵਾਈਨ ਫਲੂ ਨੇ ਦੁਬਾਰਾ ਹਮਲਾ ਬੋਲ ਦਿੱਤਾ ਹੈ। ਸਭ ਤੋਂ ਵੱਧ ਪਟਿਆਲੇ ਦੀ ਮਰੀਜ਼ ਹਨ। ਬਠਿੰਡਾ, ਸੰਗਰੂਰ, ਫਰੀਦਕੋਟ ਅਤੇ ਮੁਹਾਲੀ ਵਿੱਚ ਇਸ ਦੇ ਮਰੀਜ਼ ਦੂਜੇ ਜ਼ਿਲ੍ਹਿਆਂ ਤੋਂ ਜ਼ਿਆਦਾ ਹਨ। ਉਨ੍ਹਾਂ ਦੱਸਿਆ ਕਿ ਫਲੂ ਦਾ ਵਾਇਰਸ ਬਾਹਰੋਂ ਨਾ ਆਉਣ ਦੀ ਪੁਸ਼ਟੀ ਹੋ ਗਈ ਹੈ ਅਤੇ ਇਹ ਦੇਸ਼ ਦੇ ਅੰਦਰੋਂ ਹੀ ਪਣਪਿਆ ਹੈ।

ਕਿਸਤ ਨੰਬਰ- 22 — ਬਲਬੀਰ ਸਿੰਘ ਐਮ.ਏ.

ਮਾਵਾਂ ਦੇ ਪਰਛਾਵੇਂ ਵਾਲਾ ਪੰਜਾਬ

ਮਾਂ ਬੋਲੀ ਦੀ ਰੱਖਿਆ ਲਈ ਅੱਗੇ ਆਓ ਪੰਜਾਬੀਓ

Balbir Singh M.A.
Tel : 510-938-7771

ਪਿਛਲੇ ਹਫਤੇ ਮੈਂ ਕੋਸ਼ਿਸ਼ ਕੀਤੀ ਸੀ ਕਿ ਸਾਡੇ ਸਾਰੇ ਭੈਣਾਂ-ਭਰਾਵਾਂ ਨੂੰ ਹਲਕੀ ਜਿਹੀ ਜਾਣਕਾਰੀ ਵੀ ਦੇ ਸਕਾਂ ਤੇ ਕਿਸੇ ਮਾੜੇ ਕੰਮ ਤੋਂ ਵੀ ਰੋਕ ਸਕਾਂ। ਕੈਲੀਫੋਰਨੀਆ ਵਿਚ ਬਿਨਾਂ ਕੰਮ ਕਰਨ ਤੋਂ ਜਾਂ ਇਉਂ ਕਹਿ ਲਓ, ਜਿਹਨਾਂ ਨੂੰ ਕੰਮ ਤੋਂ ਵਾਂਝਿਆਂ ਕਰ ਦਿੱਤਾ ਹੈ, ਉਹਨਾਂ ਦੀ ਗਿਣਤੀ 8-9 ਫੀਸਦੀ ਹਾਲੇ ਵੀ ਹੈ ਤੇ ਹਾਲੇ ਵੀ ਜੋ ਵਿਹਲੇ ਹਨ, ਉਹ ਰੋਜ਼ਾਨਾ ਕੰਮ ਲੱਭਣ ਵਿਚ ਲੱਗੇ ਹੋਏ ਹਨ। ਦੂਜੇ ਪਾਸੇ ਬਿਨਾਂ ਕੰਮ ਕੀਤਿਆਂ ਕਈ ਲੋਕ ਸਰਕਾਰ ਤੋਂ ਪੈਸੇ ਲੈਂਦੇ ਹਨ ਤੇ ਆਪਣੇ ਘਰ ਦਾ ਗੁਜ਼ਾਰਾ ਚਲਾ ਰਹੇ ਹਨ। ਜਿਹੜੇ ਲੋਕ ਇਸ ਵੇਲੇ ਵੀ ਹੁਸ਼ਿਆਰੀ ਕਰਦੇ ਹਨ, ਉਹ ਬਿਨਾਂ ਕੰਮ ਕੀਤਿਆਂ ਜਦੋਂ ਕਿਸੇ ਛੋਟੇ ਮੋਟੇ ਜਾਂ ਵੱਡੇ ਸਟੋਰ ਜਾਂ ਫਰਮਾਂ ਤੋਂ ਪੇਪਰ ਬਣਾ ਲੈਂਦੇ ਹਨ, ਉਥੋਂ ਪੇਪਰ ਬਣਵਾ ਕੇ ਸਰਕਾਰ ਦੇ ਖ਼ਜ਼ਾਨੇ ਵਿਚੋਂ ਗਲਤ ਤਰੀਕੇ ਨਾਲ ਪੈਸੇ ਲੈ ਕੇ ਖਾਂਦੇ ਹਨ। ਸੋਚੋ ਜੋ ਕੰਮ ਕਰਦੇ ਹਨ, ਉਹਨਾਂ ਦੀ ਹਾਲਤ ਕਿਵੇਂ ਹੋਵੇਗੀ। ਧੋਖਾ ਦੇ ਕੇ ਪੈਸੇ ਸਰਕਾਰੀ ਖ਼ਜ਼ਾਨੇ ਵਿਚੋਂ ਲੈਣੇ ਇਹ ਸ਼ਾਇਦ ਪੰਜਾਬ ਵਿਚ ਹੋ ਸਕਦਾ ਹੈ, ਇਹਨਾਂ ਦੇਸ਼ਾਂ ਵਿਚ ਨਹੀਂ। ਉਥੇ ਵੀ ਦੇਰ ਸਵੇਰ ਉਹ ਲੋਕ ਸਰਕਾਰ ਦੇ ਅੜਿੱਕੇ ਚੜ੍ਹ ਹੀ ਜਾਂਦੇ ਹਨ। ਇੱਥੇ ਤਾਂ ਛੇਤੀ ਹੀ ਫਸ ਵੀ ਜਾਂਦੇ ਹਨ। ਇਹਨਾਂ ਸਭਨਾਂ ਦਾ ਖਿਆਲ ਰੱਖਦੇ ਹੋਏ ਤੇ ਖਾਸ ਕਰਕੇ ਸਾਰੇ ਪੰਜਾਬੀਆਂ ਦੀ ਇੱਜ਼ਤ ਦਾ ਖਿਆਲ ਰੱਖਦੇ ਹੋਏ ਮੁੜ ਆਵੋ! ਕੌਮ ਤਾਂ ਪਹਿਲਾਂ ਹੀ ਕਈ ਗੱਲਾਂ ਵਿਚ ਬਦਨਾਮੀ ਦੇ ਧੱਬੇ ਲਵਾ ਚੁੱਕੀ ਹੈ। ਹੁਣ ਹੋਰ ਖੱਜਲ ਖੁਆਰੀ ਕਰਾਉਣ ਵੱਲ ਨਾ ਜਾਵੋ।

ਸਾਡੇ ਬੱਚੇ ਜ਼ਿਆਦਾਤਰ ਨਾ ਗੁਰੂ ਘਰ ਵੱਲ ਜਾਂਦੇ ਹਨ, ਨਾ ਸਾਡੇ ਨਾਲ ਕਿਸੇ ਵੀ ਧਾਰਮਿਕ ਇਕੱਠ ਵਿਚ ਜਾਂਦੇ ਹਨ। ਗੱਲ ਕੀ ਤੁਸੀਂ ਉਹਨਾਂ ਨੂੰ ਕਹਿ ਕੇ ਵੇਖ ਲਵੋ ਕਿ ਕਿਸੇ ਦੇ ਘਰ ਜਾਣਾ ਹੈ। ਅੱਗਿਉਂ ਜਵਾਬ ਮਿਲੇਗਾ, ਤੁਸੀਂ ਤਾਂ ਬੈਠ ਕੇ ਉਥੇ ਮੀਟ ਸ਼ਰਾਬਾਂ ਖਾਣੇ ਪੀਣੇ ਹਨ, ਅਸੀਂ ਕੀ ਕਰਾਂਗੇ ਉਥੇ ਜਾ ਕੇ। ਅਸੀਂ ਤੁਹਾਡੇ ਨਾਲ ਬੋਰ ਨਹੀਂ ਹੋਣ ਜਾਣਾ, ਇਸ ਦਾ ਭਾਵ ਸਿੱਧਾ ਜਿਹਾ ਹੀ ਲੈ ਲਿਆ ਜਾਵੇ ਕਿ ਅਸੀਂ ਉਹਨਾਂ ਨੂੰ ਨਾਲ ਲਿਜਾਣ ਵਿਚ ਅਸਫਲ ਹੋ ਰਹੇ ਹਾਂ। ਉਹ ਜਾਂ ਤਾਂ ਇਕੱਲੇ ਰਹਿਣ ਦੇ ਆਦੀ ਹੋ ਜਾਣਗੇ ਜਾਂ ਫਿਰ ਆਪਣੇ ਵਰਗੇ ਮੁੰਡਿਆਂ-ਕੁੜੀਆਂ ਦੀ ਦੋਸਤੀ ਨੂੰ ਅਪਣਾ ਲੈਣਗੇ। ਲੋੜ ਹੈ ਇਸ ਵੇਲੇ ਇਸ ਗੱਲ ਵੱਲ ਵੀ ਧਿਆਨ ਦੇਣ ਦੀ।

ਅਸੀਂ ਜੇ ਸੋਚਦੇ ਹਾਂ ਗੁਰੂ ਘਰਾਂ ਵਿਚ ਲਿਜਾ ਕੇ ਜਾਂ ਹੋਰ ਜਗ੍ਹਾ ਉਹਨਾਂ ਨੂੰ ਪੰਜਾਬੀ ਪੜ੍ਹਾ ਕੇ ਜਾਂ ਪਾਠ ਸਿਖਾ ਕੇ ਸਿੱਖ ਰਵਾਇਤਾਂ ਸਿਖਾ ਸਕਾਂਗੇ ਤਾਂ ਇਸ ਵਿਚ ਉਹਨਾਂ ਬੱਚਿਆਂ ਕੋਲ ਸਵਾਲ ਬਹੁਤ ਹਨ, ਜਿਹਨਾਂ ਦੇ ਜਵਾਬ ਅਸੀਂ ਕਈ ਵਾਰ ਨਹੀਂ ਦੇ ਸਕਦੇ।

ਬੱਚਿਆਂ ਨੂੰ ਪੰਜਾਬੀ ਪੜ੍ਹਾਉਣ ਲਈ ਜਾਂ ਧਾਰਮਿਕ ਵਿੱਦਿਆ ਦੇਣ ਲਈ ਸਾਨੂੰ ਚੰਗੇਰੇ ਸਕੂਲਾਂ ਦੀ ਲੋੜ ਹੈ। ਜੇ ਹੋਰ ਗੁਰੂ ਘਰ ਨਾ ਖੋਲ੍ਹ ਕੇ ਇਕੱਠੇ ਹੋ ਕੇ 10-10 ਮੀਲ ਦੇ ਅੰਦਰ ਵੀ ਇਕ ਇਕ ਸਕੂਲ ਖੋਲ੍ਹ ਸਕੀਏ, ਜਿੱਥੇ ਇਕ ਵਿਸ਼ਾ ਧਾਰਮਿਕ ਸਿੱਖਿਆ ਵੀ ਹੋਵੇ, ਉਥੇ ਉਹ ਬੱਚੇ ਜ਼ਿਆਦਾ ਤੇ ਚੰਗੇ ਤਰੀਕੇ ਨਾਲ ਪੜ੍ਹ ਸਕਦੇ ਹਨ।

ਬੱਚੇ ਕੋਈ ਬੰਧਨ ਨਹੀਂ ਚਾਹੁੰਦੇ, ਖਾਸ ਕਰਕੇ ਜੁੱਤੀਆਂ ਉਤਾਰ ਕੇ ਭੁੰਜੇ ਬੈਠ ਕੇ ਪੜ੍ਹਨਾ ਉਹਨਾਂ ਨੂੰ ਸ਼ਾਇਦ ਚੰਗਾ ਨਹੀਂ ਲੱਗਦਾ ਹੋਵੇਗਾ। ਕੋਸ਼ਿਸ਼ ਬਹੁਤ ਹੋ ਰਹੀ ਹੈ, ਮੈਂ ਇਸ ਗੱਲੋਂ ਬਹੁਤ ਖੁਸ਼ੀ ਮਹਿਸੂਸ ਕਰਦਾ ਹਾਂ ਕਿ ਜਦੋਂ ਵੀ ਕਿਸੇ ਗੁਰੂ ਘਰ ਵਿਚ ਬੱਚਿਆਂ ਨੂੰ ਪੜ੍ਹਦਾ ਵੇਖਦਾ ਹੋਵਾਂ ਪਰ ਸਰੀ ਵਿਚ ਇਕ ਪੂਰਾ ਸਕੂਲ ਹੈ, ਜਿੱਥੇ 500-600 ਪੰਜਾਬੀ ਬੱਚੇ ਪੰਜਾਬੀ ਪੜ੍ਹਦੇ ਹਨ ਤੇ ਦੂਸਰੇ ਕੋਰਸ ਵੀ ਪੜ੍ਹਦੇ ਹਨ। ਮੈਂ ਇਕ ਬੱਚੇ ਨੂੰ ਮਿਲਿਆ, ਉਸਨੇ ਕਿਹਾ ਕਿ ਉਹ ਕਵਿਤਾ ਵੀ ਲਿਖਦਾ ਹੈ ਤੇ ਗੁਰਸਿੱਖ ਰਹਿ ਕੇ ਬਾਕੀ ਬੱਚਿਆਂ ਵਾਂਗ ਖੇਡਾਂ ਵਿਚ ਵੀ ਹਿੱਸਾ ਲੈਂਦਾ ਹੈ। ਵੈਸੇ ਇੰਜੀਨੀਅਰ ਬਣਨਾ ਚਾਹੁੰਦਾ ਹੈ। ਮੈਂ ਹੈਰਾਨ ਰਹਿ ਗਿਆ ਜਦੋਂ ਉਸਨੇ ਤੂੰਬੇ ਨਾਲ ਇਕ ਬਹੁਤ ਸੋਹਣਾ ਆਪਣਾ ਲਿਖਿਆ ਗੀਤ ਸੁਣਾਇਆ। ਉਸਦੇ ਆਪਣੇ ਸਕੂਲ ਵਿਚ ਪੜ੍ਹਦਿਆਂ ਉਸਦੀ ਹਰ ਤਰ੍ਹਾਂ ਦੀ ਸਿਖਲਾਈ ਹੋ ਰਹੀ ਹੈ ਤੇ ਉਹ ਸਿੱਖ ਧਰਮ ਦਾ ਵੀ ਅਧਿਐਨ ਕਰ ਰਿਹਾ ਹੈ।

ਉਮੀਦ ਹੈ ਉਹ ਰਵਾਇਤ ਅਸੀਂ ਕੈਲੇਫੋਰ-ਨੀਆ ਵਿਚ ਵੀ ਆਉਣ ਵਾਲੇ ਸਮੇਂ ਵਿਚ ਰੱਖ ਸਕਾਂਗੇ! ਤੇ ਜਿਸ ਨਾਲ ਸਾਡੀ ਕੌਮ ਦੇ ਭਵਿੱਖ ਨੂੰ ਅਸੀਂ ਪੰਜਾਬੀ ਬੋਲਦੇ ਰੱਖਣ ਵਿਚ ਕਾਮਯਾਬ ਕਰ ਸਕਾਂਗੇ। ਇਸ ਵਿਚ ਹਰ ਪੰਜਾਬੀ ਮਾਵਾਂ ਨੇ ਜਿੰਨਾ ਕੰਮ ਕੀਤਾ ਹੈ, ਉਨਾ ਹੀ ਪੰਜਾਬੀ ਮਰਦਾਂ ਨੂੰ ਵੀ ਕਰਨਾ ਪਵੇਗਾ। ਉਮੀਦ ਹੈ ਇਸ ਦਲੀਲ ਨਾਲ ਲੋਕਾਂ ਵਿਚ ਅਸੀਂ ਇਕ ਜਾਗਰਿਤੀ ਦੀ ਲਹਿਰ ਤਾਂ ਪੈਦਾ ਕਰ ਹੀ ਸਕਦੇ ਹਾਂ। ਜੇ ਇਸ ਵਿਚ ਅਸੀਂ ਕਾਮਯਾਬ ਹੋ ਗਏ ਤਾਂ ਦੁਨੀਆਂ ਵਿਚ ਜਿਵੇਂ ਹੁਣ 11 ਕਰੋੜ ਤੋਂ ਵੱਧ ਪੰਜਾਬੀ ਬੋਲੀ ਲੋਕ ਬੋਲਦੇ ਹਨ, ਤਾਂ ਫਿਰ ਇਹ ਗਿਣਤੀ ਘਟੇਗੀ ਨਹੀਂ। ਪਰ ਜੇ ਸਾਡੇ ਵਿਚ ਅਵੇਸਲਾਪਣ ਆ ਗਿਆ ਤਾਂ ਅਸੀਂ ਕਾਮਯਾਬੀ ਦੀ ਪੌੜੀ 'ਤੇ ਚੜ੍ਹ ਨਹੀਂ ਸਕਾਂਗੇ। ਤੁਸੀਂ ਹੰਭਲਾ ਮਾਰ ਕੇ ਵੇਖੋ, ਕਿਸੇ ਵੀ ਤਰ੍ਹਾਂ ਸਿਰ ਜੋੜ ਕੇ ਬੈਠੋ ਜੋ ਸਕੂਲ ਖੁੱਲ੍ਹਣ ਤੱਕ ਤੁਸੀਂ ਇਕੱਠੇ ਰਹਿ ਜਾਂਦੇ ਹੋ ਤਾਂ ਸਾਡੇ ਬੱਚਿਆਂ ਲਈ ਸੁਨਹਿਰਾ ਭਵਿੱਖ ਦੇ ਸਕੋਗੇ। ਨਹੀਂ ਤਾਂ ਸਾਡੀਆਂ ਔਲਾਦਾਂ ਸਾਨੂੰ ਕਦੀ ਵੀ ਯਾਦ ਨਹੀਂ ਰੱਖਣਗੀਆਂ ਜਾਂ ਇਹੀ ਕਹਿ ਕੇ ਸ਼ਾਇਦ ਭੰਡ ਵੀ ਦਿਆ ਕਰਨਗੀਆਂ ਕਿ ਸਾਡੇ ਮਾਂ-ਪਿਓ ਨੇ ਸਾਨੂੰ ਕੁਝ ਵੀ ਪੰਜਾਬੀਅਤ ਨੂੰ ਸੰਭਾਲਣ ਲਈ ਸਾਥ ਨਹੀਂ ਦਿੱਤਾ। ਵੇਲਾ ਹੱਥ ਵਿਚ ਹੈ, ਜਦ ਹੁਣ ਹਰ ਪਾਸੇ ਪੰਜਾਬੀ ਹੀ ਪੰਜਾਬੀ ਹਨ, ਇਕ ਹੰਭਲਾ ਮਾਰ ਕੇ ਵੇਖ ਲਓ, ਕਾਮਯਾਬੀ ਤੁਹਾਡੇ ਸਾਹਮਣੇ ਹੈ ਤੇ ਸਾਡੇ ਬੱਚਿਆਂ ਦਾ ਸੁਨਹਿਰੀ ਭਵਿੱਖ ਵੀ। ਬੱਸ ਇਕ ਵਾਰ ਇਕੱਠ ਦੀ ਲੋੜ ਹੈ, ਜਿੱਤ ਪੰਜਾਬੀ ਮਾਂ ਦੀ ਪੱਕੀ ਹੈ।

ਕੀ ਹੋਣਗੇ ਪੰਜਾਬ ਦੀ ਆਰਥਿਕ ਗਿਰਾਵਟ ਦੇ ਸਿਆਸੀ ਸਿੱਟੇ/ ਬੀ.ਕੇ.ਚੰਮ

ਪਿਛਲੇ ਹਫ਼ਤੇ ਦੀਆਂ ਦੋ ਘਟਨਾਵਾਂ ਨੇ ਪੰਜਾਬ ਨੂੰ ਮੁੜ ਮੀਡੀਆ ਦੀਆਂ ਸੁਰਖ਼ੀਆਂ 'ਚ ਲੈ ਆਂਦਾ ਹੈ। ਇਕ ਹੈ ਅਕਾਲੀ ਦਲ ਬਾਦਲ ਦੀ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ 'ਚ ਸ਼ਾਨਦਾਰ ਜਿੱਤ ਅਤੇ ਦੂਜੀ ਹੈ ਇਕਨਾਮਿਕ ਫ੍ਰੀਡਮ ਆਫ਼ ਦਿ ਸਟੇਟਸ ਆਫ਼ ਇੰਡੀਆ ਦੇ ਤਾਜ਼ਾ ਅੰਕ ਦੀ ਰਿਪੋਰਟ, ਜਿਸ ਵਿਚ ਪੰਜਾਬ ਦੀ ਅਰਥ ਵਿਵਸਥਾ ਦੇ ਡੂੰਘੇ ਪਤਨ ਲਈ ਅਕਾਲੀ-ਭਾਜਪਾ ਸਰਕਾਰ 'ਤੇ ਦੋਸ਼ ਲਗਾਇਆ ਗਿਆ ਹੈ।

ਕੀ ਇਨ੍ਹਾਂ ਘਟਨਾਵਾਂ ਦਾ ਸੱਤਾਧਾਰੀ ਸਹਿਯੋਗੀਆਂ ਅਕਾਲੀ ਦਲ ਅਤੇ ਭਾਜਪਾ ਵਿਚਾਲੇ ਸੰਬੰਧਾਂ 'ਤੇ ਕੋਈ ਅਸਰ ਪਵੇਗਾ, ਖ਼ਾਸ ਕਰਕੇ 15 ਮਹੀਨਿਆਂ ਬਾਅਦ 2014 'ਚ ਹੋਣ ਵਾਲੀਆਂ ਲੋਕ ਸਭਾ ਚੋਣਾਂ ਦੇ ਸੰਦਰਭ 'ਚ।

ਦਿੱਲੀ 'ਚ ਅਕਾਲੀ ਦਲ (ਬ) ਦੀ ਜਿੱਤ 2007 ਤੋਂ ਲੈ ਕੇ, ਜਦੋਂ ਅਕਾਲੀ-ਭਾਜਪਾ ਗੱਠਜੋੜ ਨੇ ਕੈਪ. ਅਮਰਿੰਦਰ ਸਿੰਘ ਦੀ ਅਗਵਾਈ ਵਾਲੀ ਕਾਂਗਰਸ ਸਰਕਾਰ ਨੂੰ ਬਾਹਰ ਕਰਕੇ ਸੱਤਾ ਸੰਭਾਲੀ ਸੀ, ਹੁਣ ਤਕ ਪਾਰਟੀ ਦੀਆਂ ਚੋਣ ਜਿੱਤਾਂ ਦੀ ਲੜੀ 'ਚ ਨਵੀਂ ਹੈ। ਇਸ ਤੋਂ ਬਾਅਦ ਗੱਠਜੋੜ ਦੀਆਂ ਕੁਝ ਉਪ-ਚੋਣਾਂ 'ਚ ਜਿੱਤਾਂ ਦਾ ਰੋਮਾਂਚ 2012 ਦੀਆਂ ਵਿਧਾਨ ਸਭਾ ਚੋਣਾਂ 'ਚ ਇਸ ਦੀ ਅਣਕਿਆਸੀ ਜਿੱਤ ਨਾਲ ਸਿਖਰਾਂ 'ਤੇ ਪਹੁੰਚ ਗਿਆ।

ਇਸ ਗੱਲ 'ਚ ਕੋਈ ਦੋ ਰਾਵਾਂ ਨਹੀਂ ਕਿ ਮੁੱਖ ਮੰਤਰੀ ਤੇ ਪਾਰਟੀ ਸੁਪਰੀਮੋ ਪ੍ਰਕਾਸ਼ ਸਿੰਘ ਬਾਦਲ ਦੇ ਵਿਆਪਕ ਜਨ-ਆਧਾਰ ਤੇ ਉਨ੍ਹਾਂ ਦੇ ਮਿਲਣਸਾਰ ਸੁਭਾਅ ਨੇ ਪਾਰਟੀ ਨੂੰ ਚੋਣਾਂ ਜਿਤਾਉਣ 'ਚ ਅਹਿਮ ਭੂਮਿਕਾ ਨਿਭਾਈ ਪਰ ਉਨ੍ਹਾਂ ਦੇ ਬੇਟੇ ਅਤੇ ਅਕਾਲੀ ਦਲ ਦੇ ਪ੍ਰਧਾਨ ਉਪ-ਮੁੱਖ ਮੰਤਰੀ ਸੁਖਬੀਰ ਬਾਦਲ ਦੀ ਸੂਖ਼ਮ ਪੱਧਰੀ ਮੈਨੇਜਮੈਂਟ ਅਤੇ ਜਥੇਬੰਦਕ ਕੁਸ਼ਲਤਾ ਦਾ ਵੀ ਇਨ੍ਹਾਂ ਸਫਲਤਾਵਾਂ ਲਈ ਮੁੱਖ ਤੌਰ 'ਤੇ ਯੋਗਦਾਨ ਰਿਹਾ ਹੈ। ਇਹ ਵੱਖਰੀ ਗੱਲ ਹੈ ਕਿ ਇਨ੍ਹਾਂ ਕੁਸ਼ਲਤਾਵਾਂ ਨੇ ਸੁਖਬੀਰ ਦੀ ਸ਼ਖ਼ਸੀਅਤ ਦੇ ਜੇ ਤਾਨਾਸ਼ਾਹੀ ਨਹੀਂ ਤਾਂ ਅਧਿਕਾਰਪੂਰਨ ਚਿੰਨ੍ਹ ਨੂੰ ਪ੍ਰਤੀਬਿੰਬਤ ਕੀਤਾ ਹੈ। ਜਿਸ ਗੱਲ ਨੇ ਅਕਾਲੀ ਦਲ ਦੀਆਂ ਚੋਣ ਸਫਲਤਾਵਾਂ 'ਚ ਮੁੱਖ ਤੌਰ 'ਤੇ ਯੋਗਦਾਨ ਪਾਇਆ, ਉਹ ਸੀ ਉਨ੍ਹਾਂ ਲੋਕਾਂ ਨਾਲ ਸੁਖਬੀਰ ਬਾਦਲ ਦਾ ਵਪਾਰਕ ਰਣਨੀਤੀ ਖੇਡਣਾ, ਜਿਨ੍ਹਾਂ ਨੂੰ ਉਹ ਖ਼ਰੀਦੀ ਜਾਣ ਵਾਲੀ ਚੀਜ਼ ਵਜੋਂ ਦੇਖਦੇ ਸਨ। ਹਰਿਆਣਾ ਦੀ 1966-68 ਵਾਲੀ ਦਲ-ਬਦਲੀ ਵਾਲੀ ਬਦਨਾਮ ਸਿਆਸਤ ਨੂੰ ਪੰਜਾਬ 'ਚ ਲਾਗੂ ਕਰਦਿਆਂ ਉਨ੍ਹਾਂ ਨੇ ਆਪਣੇ ਬਹੁਤ ਸਾਰੇ ਵਿਰੋਧੀਆਂ ਜਾਂ ਉਨ੍ਹਾਂ ਦੇ ਹਮਾਇਤੀਆਂ ਨੂੰ ਪਾਰਟੀ 'ਚ ਜਾਂ ਸਰਕਾਰੀ ਅਹੁਦਿਆਂ ਦਾ ਲਾਲਚ ਦੇ ਕੇ ਆਪਣੇ ਨਾਲ ਜੋੜ ਲਿਆ।

ਤਾਜ਼ਾ ਮਿਸਾਲ ਜੋਗਿੰਦਰ ਪਾਲ ਜੈਨ ਦੀ ਹੈ, ਜਿਨ੍ਹਾਂ ਨੇ ਕਾਂਗਰਸ ਦੀ ਟਿਕਟ 'ਤੇ ਮੋਗਾ ਵਿਧਾਨ ਸਭਾ ਸੀਟ ਜਿੱਤੀ ਸੀ ਪਰ ਸੁਖਬੀਰ ਬਾਦਲ ਨੇ ਉਨ੍ਹਾਂ ਨੂੰ ਆਪਣੇ ਨਾਲ ਮਿਲਾ ਲਿਆ ਤੇ 23 ਫਰਵਰੀ ਨੂੰ ਹੋਣ ਵਾਲੀ ਮੋਗਾ ਉਪ-ਚੋਣ ਲਈ ਅਕਾਲੀ ਦਲ ਵਲੋਂ ਉਮੀਦਵਾਰ ਖੜ੍ਹਾ ਕਰ ਦਿੱਤਾ। ਜੈਨ, ਜੋ ਇਕ ਵਪਾਰੀ ਹਨ, ਕਥਿਤ ਆਰਥਿਕ ਘਪਲਿਆਂ ਦਾ ਸਾਹਮਣਾ ਕਰ ਰਹੇ ਹਨ। ਉਨ੍ਹਾਂ ਨੂੰ ਮਹਿਸੂਲ ਕਾਨੂੰਨ ਦੀਆਂ ਧਾਰਾਵਾਂ 132, 135 ਦੇ ਤਹਿਤ ਦੋਸ਼ੀ ਵੀ ਠਹਿਰਾਇਆ ਗਿਆ ਸੀ।

2014 ਦੀਆਂ ਲੋਕ ਸਭਾ ਚੋਣਾਂ 'ਚ ਵੀ ਇਨ੍ਹਾਂ ਤਰਕੀਬਾਂ ਦੀ ਭੂਮਿਕਾ ਦੇਖਣਾ ਦਿਲਚਸਪ ਹੋਵੇਗਾ, ਜਿਨ੍ਹਾਂ ਦੇ ਨਤੀਜੇ ਆਮ ਤੌਰ 'ਤੇ ਜ਼ਿਆਦਾਤਰ ਉਨ੍ਹਾਂ ਕਾਰਕਾਂ ਵਲੋਂ ਤੈਅ ਕੀਤੇ ਜਾਂਦੇ ਹਨ, ਜੋ ਸੂਬਾਈ ਵਿਧਾਨ ਸਭਾ ਚੋਣਾਂ ਨਾਲੋਂ ਵੱਖਰੇ ਹੁੰਦੇ ਹਨ।

ਇਕਨਾਮਿਕ ਫ੍ਰੀਡਮ ਆਫ਼ ਦਿ ਸਟੇਟਸ ਆਫ਼ ਇੰਡੀਆ ਰਿਪੋਰਟ 2012 'ਚ ਅਕਾਲੀ-ਭਾਜਪਾ ਸਰਕਾਰ ਦੇ ਘਟੀਆ ਤੇ ਊਣਤਾਈਆਂ ਵਾਲੇ ਪ੍ਰਸ਼ਾਸਨ ਦੇ ਨਿੰਦਣਯੋਗ ਨਤੀਜਿਆਂ ਨੂੰ ਜ਼ਾਹਿਰ ਕੀਤਾ ਗਿਆ ਹੈ। ਰਿਪੋਰਟ 'ਚ ਕਿਹਾ ਗਿਆ ਹੈ ਕਿ 6 ਵਰ੍ਹਿਆਂ 'ਚ ਪੰਜਾਬ ਦੀ ਅਰਥ ਵਿਵਸਥਾ 6ਵੇਂ ਸਥਾਨ ਤੋਂ ਖਿਸਕ ਕੇ 12ਵੇਂ ਸਥਾਨ 'ਤੇ ਪਹੁੰਚ ਗਈ ਹੈ, ਜਿਸ ਵਿਚ 2011-12 ਲਈ ਵਿੱਤੀ ਘਾਟਾ ਜੀ. ਡੀ. ਪੀ. ਦਾ 3.8 ਫੀਸਦੀ ਅਤੇ ਮਾਲੀਆ ਘਾਟਾ 2010-11 'ਚ 1.8 ਫੀਸਦੀ ਤੋਂ ਵਧ ਕੇ 2011-12 'ਚ 2.75 ਫੀਸਦੀ ਹੋ ਗਿਆ। ਰਿਪੋਰਟ 'ਚ ਪੰਜਾਬ ਦੀ ਤਰਸਯੋਗ ਸਥਿਤੀ ਨੂੰ ਜ਼ਾਹਿਰ ਕਰਨ ਲਈ ਸਿਆ-ਸਤਦਾਨਾਂ ਵਲੋਂ ਦਿੱਤੇ ਗਏ ਕਾਰਨਾਂ ਉਤੋਂ ਪਰਦਾ ਹਟਾਇਆ ਗਿਆ ਹੈ। ਇਸ 'ਚ ਕਿਹਾ ਗਿਆ ਹੈ ਕਿ ਵਿਸ਼ਾਲ ਪਾਵਰ ਸਬਸਿਡੀ ਬਿੱਲ, ਵਿੱਤੀ ਦਬਾਅ, ਹਰੀ ਕ੍ਰਾਂਤੀ ਦਾ ਸੁੰਗੜਨਾ, ਖੇਤੀ ਬਾਜ਼ਾਰੀਕਰਨ 'ਚ ਨਾਕਾਮੀਆਂ ਅਤੇ ਸੇਵਾ ਕ੍ਰਾਂਤੀ 'ਤੇ ਪਹੁੰਚ ਸਕਣ ਦੀ ਅਸਮਰੱਥਾ ਸੂਬੇ ਦੀ ਅਰਥ ਵਿਵਸਥਾ ਦੇ ਪਤਨ ਦਾ ਕਾਰਨ ਬਣੇ ਹਨ।



''ਆਪਣੀ ਜ਼ਿੰਮੇਵਾਰੀ ਤੋਂ ਬਚਣ ਲਈ ਨੀਤੀਘਾੜਿਆਂ ਵਲੋਂ ਇਹ ਭਰਮ ਫੈਲਾਏ ਜਾ ਰਹੇ ਹਨ ਕਿ ਸੂਬੇ ਦੀ ਅਰਥ ਵਿਵਸਥਾ 'ਚ ਪਤਨ ਦਾ ਕਾਰਨ ਸੂਬੇ ਦੀ ਸਰਹੱਦ ਦੁਸ਼ਮਣ ਗੁਆਂਢੀ ਨਾਲ ਲੱਗਣਾ ਜਾਂ ਅੱਤਵਾਦ ਹੈ....ਇਸ ਸਥਿਤੀ 'ਚ ਸੁਧਾਰ ਲਈ ਕੋਈ ਖ਼ਾਸ ਯਤਨ ਨਹੀਂ ਕੀਤੇ ਜਾ ਰਹੇ।''

ਸੂਬੇ ਦੀਆਂ ਜ਼ਮੀਨੀ ਹਕੀਕਤਾਂ ਨਾ ਸਿਰਫ਼ ਪੰਜਾਬ ਦੀ ਅਰਥ ਵਿਵਸਥਾ 'ਚ ਗਿਰਾਵਟ, ਸਗੋਂ ਅਕਾਲੀ-ਭਾਜਪਾ ਸਰਕਾਰ ਦੀ ਮਾਲੀ ਸਿਹਤ ਬਾਰੇ ਰਿਪੋਰਟ ਦੇ ਨਿੰਦਣਯੋਗ ਨਤੀਜਿਆਂ ਦਾ ਸਮਰਥਨ ਕਰਦੀਆਂ ਹਨ। ਮੀਡੀਆ 'ਚ ਹਰ ਰੋਜ਼ ਅਜਿਹੀਆਂ ਰਿਪੋਰਟਾਂ ਆ ਰਹੀਆਂ ਹਨ, ਜਿਨ੍ਹਾਂ 'ਚ ਠੇਕੇਦਾਰਾਂ ਨੂੰ ਉਨ੍ਹਾਂ ਦੀ ਬਕਾਇਆ ਰਕਮ ਅਦਾ ਕਰਨ 'ਚ ਸਰਕਾਰ ਦੀ ਨਾਕਾਮੀ ਬਾਰੇ ਜ਼ਿਕਰ ਹੁੰਦਾ ਹੈ, ਜਿਸ ਦੇ ਸਿੱਟੇ ਵਜੋਂ ਠੇਕੇਦਾਰਾਂ ਨੂੰ ਚੱਲ ਰਹੇ ਵਿਕਾਸ ਕਾਰਜਾਂ ਨੂੰ ਰੋਕਣਾ ਪਿਆ।

ਇਸੇ ਤਰ੍ਹਾਂ ਮੁਲਾਜ਼ਮਾਂ ਦੇ ਕੁਝ ਵਰਗਾਂ ਨੂੰ ਤਨਖਾਹ ਨਾ ਮਿਲਣਾ ਅਤੇ ਵਿਦਿਆਰਥੀਆਂ ਨੂੰ ਲੈਪਟਾਪ ਅਤੇ ਵਿਦਿਆਰਥਣਾਂ ਨੂੰ ਸਾਈਕਲ ਮੁਹੱਈਆ ਕਰਵਾਉਣ ਵਰਗੀਆਂ ਹਰਮਨਪਿਆਰੀਆਂ ਯੋਜਨਾਵਾਂ 'ਚ ਕਟੌਤੀ ਦੀਆਂ ਖ਼ਬਰਾਂ ਵੀ ਆ ਰਹੀਆਂ ਹਨ। ਸਭ ਤੋਂ ਖਰਾਬ ਗੱਲ ਹੈ ਧਨ ਦੀ ਘਾਟ ਕਾਰਨ ਸਰਕਾਰ ਵਲੋਂ ਗਰੀਬਾਂ ਨੂੰ ਸਸਤੇ ਭਾਅ 'ਤੇ ਆਟਾ-ਦਾਲ ਮੁਹੱਈਆ ਕਰਵਾਉਣ 'ਚ ਹੋ ਰਹੀ ਦੇਰੀ।

ਇਨ੍ਹਾਂ ਸਾਰੀਆਂ ਘਟਨਾਵਾਂ ਨੂੰ 2014 ਦੀਆਂ ਚੋਣਾਂ 'ਤੇ ਇਨ੍ਹਾਂ ਦੇ ਸੰਭਾਵੀ ਅਸਰਾਂ ਅਤੇ ਅਕਾਲੀ-ਭਾਜਪਾ ਵਿਚਾਲੇ ਸੰਬੰਧਾਂ ਦੇ ਸੰਦਰਭ 'ਚ ਵੀ ਦੇਖੇ ਜਾਣ ਦੀ ਲੋੜ ਹੈ, ਜੋ ਕਿਸਾਨਾਂ ਨੂੰ ਮੁਫ਼ਤ ਬਿਜਲੀ ਸਪਲਾਈ, ਸ਼ਹਿਰੀ ਹਲਕਿਆਂ ਦੇ ਵਿਕਾਸ ਲਈ ਨਾਕਾਫੀ ਫੰਡ ਅਤੇ ਅਹਿਮ ਮੁੱਦਿਆਂ 'ਤੇ ਭਾਜਪਾ ਮੰਤਰੀਆਂ ਨਾਲ ਸਲਾਹ ਨਾ ਕਰਨ ਵਰਗੇ ਦੁਖਦਾਈ ਕਾਰਨਾਂ ਕਾਰਨ ਅਣਸੁਖਾਵੇਂ ਬਣਦੇ ਜਾ ਰਹੇ ਹਨ। ਸੁਖਬੀਰ ਬਾਦਲ ਪੰਜਾਬ ਦੀ ਸ਼ਹਿਰੀ ਆਬਾਦੀ 'ਚ ਆਪਣੀ ਪਾਰਟੀ ਦਾ ਜਨ-ਆਧਾਰ ਵਧਾਉਣ ਦੀ ਕੋਸ਼ਿਸ਼ ਕਰ ਰਹੇ ਹਨ, ਜੋ ਭਾਜਪਾ ਦਾ ਮੁੱਖ ਵੋਟ ਬੈਂਕ ਹੈ ਤੇ ਇਸ 'ਚ ਉਨ੍ਹਾਂ ਨੇ ਜ਼ਿਕਰਯੋਗ ਸਫਲਤਾ ਵੀ ਹਾਸਿਲ ਕੀਤੀ ਹੈ ਕਿਉਂਕਿ ਪਾਰਟੀ ਵਲੋਂ ਖੜ੍ਹੇ ਕੀਤੇ ਗਏ ਕਈ ਹਿੰਦੂ ਉਮੀਦਵਾਰ ਹੁਣ ਅਕਾਲੀ ਦਲ ਲੈਜਿਸਲੇਟਿਵ ਪਾਰਟੀ ਦੇ ਮੈਂਬਰ ਹਨ। ਜੇ ਹਿੰਦੂਆਂ 'ਚ ਪਾਰਟੀ ਦਾ ਆਧਾਰ ਹੋਰ ਵਧਾਉਣ ਦੀ ਅਕਾਲੀ ਦਲ ਦੀ ਰਣਨੀਤੀ ਸਫਲ ਹੋ ਜਾਂਦੀ ਹੈ ਤਾਂ ਇਸ ਨਾਲ ਅਕਾਲੀ ਦਲ ਦਾ ਸਿਰਫ਼ ਸਿੱਖਾਂ ਦੀ ਪਾਰਟੀ ਹੋਣ ਦਾ ਅਕਸ ਬਦਲ ਜਾਵੇਗਾ ਅਤੇ ਇਹ ਸਾਰੇ ਪੰਜਾਬੀਆਂ ਦੀ ਪਾਰਟੀ ਹੋਣ ਦਾ ਦਰਜਾ ਹਾਸਿਲ ਕਰ ਲਵੇਗੀ। ਸਿੱਟੇ ਵਜੋਂ ਇਥੇ ਭਾਜਪਾ 'ਤੇ ਅਕਾਲੀ ਦਲ ਦੀ ਨਿਰਭਰਤਾ ਘਟ ਜਾਵੇਗੀ ਅਤੇ ਨਾਲ ਹੀ ਭਾਜਪਾ ਦੀ ਅਕਾਲੀ ਦਲ ਨਾਲ ਪਹਿਲਾਂ ਤੋਂ ਵਿਗੜ ਚੁੱਕੀ ਸੱਤਾ ਦਾ ਭਾਅ-ਤੋਲ ਕਰਨ ਦੀ ਤਾਕਤ ਹੋਰ ਘਟ ਜਾਵੇਗੀ। ਸੱਤਾ ਦੀਆਂ ਮਜਬੂਰੀਆਂ ਨੇ ਹੀ ਦੋਹਾਂ ਪਾਰਟੀਆਂ ਨੂੰ ਇਕਜੁੱਟ ਰੱਖਿਆ ਹੋਇਆ ਹੈ। ਅਕਾਲੀ ਦਲ ਨੂੰ ਅਹਿਸਾਸ ਹੈ ਕਿ ਸਿਰਫ਼ ਵੋਟ ਬੈਂਕ ਦੇ ਦਮ 'ਤੇ ਉਸ ਦੇ ਲਈ ਪੰਜਾਬ 'ਚ ਸੱਤਾ ਵਿਚ ਆਉਣਾ ਸੱਚਮੁਚ ਅਸੰਭਵ ਹੈ ਤੇ ਦੂਜੇ ਪਾਸੇ ਦਿੱਲੀ 'ਚ ਸੱਤਾ ਹਾਸਿਲ ਕਰਨ ਲਈ ਖੇਤਰੀ ਪਾਰਟੀਆਂ ਦਾ ਸਮਰਥਨ ਲੈਣ ਦੀਆਂ ਭਾਜਪਾ ਦੀ ਕੇਂਦਰੀ ਲੀਡਰਸ਼ਿਪ ਦੀਆਂ ਮਜਬੂਰੀਆਂ ਨੇ ਉਸ ਦੇ ਲਈ ਜ਼ਰੂਰੀ ਬਣਾ ਦਿੱਤਾ ਹੈ ਕਿ ਉਹ ਅਕਾਲੀ ਲੀਡਰਸ਼ਿਪ ਨਾਲ ਚੰਗੇ ਸੰਬੰਧ ਬਣਾਈ ਰੱਖੇ।

ਭਾਜਪਾ ਦੇ ਸ਼ਹਿਰੀ ਗੜ੍ਹਾਂ 'ਚ ਆਪਣਾ ਜਨ-ਆਧਾਰ ਹੋਰ ਵਧਾਉਣ ਦੀ ਸੂਰਤ 'ਚ, ਜੇ ਐੱਨ. ਡੀ. ਏ. 2014 ਦੀਆਂ ਚੋਣਾਂ 'ਚ ਸੱਤਾ ਵਿਚ ਆਉਂਦਾ ਹੈ, ਅਕਾਲੀ ਦਲ ਸੱਤਾ 'ਚ ਵੱਡੀ ਹਿੱਸੇਦਾਰੀ ਪ੍ਰਾਪਤ ਕਰਨ ਲਈ ਭਾਜਪਾ ਦੀ ਕੇਂਦਰੀ ਲੀਡਰਸ਼ਿਪ ਨਾਲ ਭਾਅ-ਤੋਲ ਦੀ ਆਪਣੀ ਤਾਕਤ ਹੋਰ ਵਧਾ ਲਵੇਗਾ। ਹਾਲਾਂਕਿ ਇਸ ਨਾਲ ਪੰਜਾਬ ਦੇ ਅਕਾਲੀ ਪ੍ਰਭੂਸੱਤਾ ਵਾਲੇ ਜਾਂ ਇੰਝ ਕਹਿ ਲਓ ਕਿ ਬਾਦਲ ਪਰਿਵਾਰ ਦੀ ਪ੍ਰਭੂਸੱਤਾ ਵਾਲੇ ਸੱਤਾ ਢਾਂਚੇ 'ਚ ਭਾਜਪਾ ਸੱਚਮੁਚ ਬੇਲੋੜੀ ਬਣ ਕੇ ਰਹਿ ਜਾਵੇਗੀ।

ਪੰਜਾਬ ਦੀ ਸਿਆਸਤ 'ਤੇ ਨਜ਼ਰ ਰੱਖਣ ਵਾਲਿਆਂ ਲਈ ਅਗਲੇ 15 ਮਹੀਨਿਆਂ 'ਚ ਹੋਣ ਵਾਲੀਆਂ ਘਟਨਾਵਾਂ ਇਕ ਦਿਲਚਸਪ ਨਜ਼ਾਰਾ ਪੇਸ਼ ਕਰਨਗੀਆਂ।

Law Offices of
Ashwani Bhakhri
ALL YOUR LEGAL MATTERS
LET US HELP YOU WITH
* Appellate Law * Bankruptcy* Business Law
* Child Custody * Complex Litigation * Consumer Law * Contracts * Criminal Law * Contracts
* Criminal Law * Divorce * Elder Law * Family Law * Immigration * Medical Malpractice
* Personal Injury * * Real Estate Law * Trusts and Estates * Wills and Probate * More...

Ashwani Bhakhri
Contact us, for a professional consultation!

Venu Bhakhri
Corey, Luzaich, Pliska, de Ghetaldi & Nastari LLP
700 El Camino Real, PO Box 669
Ph: 650-871-5666
Fax: 650-871-4144
Email: clpdn@coreylaw.com
www.coreylaw.com
Law Offices of Ashwani Bhakhri
1299-Old Bayshore Highway
Burlingame, CA 94010
Ph: 650-685-6334
Fax: 650-685-6351
Email: info@bhakhrilawfirm.com
www.bhakhrilawfirm.com

ਪੰਜਾਬ ਦੀ ਨਿਘਰ ਰਹੀ ਆਰਥਿਕਤਾ- ਚਿੰਤਾ ਤੇ ਚਿੰਤਨ ਦਾ ਵੇਲਾ

ਵਿਸ਼ਵ ਅਤੇ ਦੇਸ਼ ਦੇ ਉੱਘੇ ਅਰਥ ਸ਼ਾਸਤਰੀਆਂ ਦੁਆਰਾ ਰਾਜਾਂ ਦੀ ਆਰਥਿਕ ਸੁਤੰਤਰਤਾ ਸਬੰਧੀ ਰਿਪੋਰਟ ਵਿੱਚ ਪੰਜਾਬ ਦੀ ਆਰਥਿਕਤਾ ਸਬੰਧੀ ਕੀਤੇ ਗਏ ਖੁਲਾਸੇ ਬੇਹੱਦ ਚਿੰਤਾਜਨਕ ਹਨ। ਕਿਸੇ ਸਮੇਂ ਦੇਸ਼ ਦਾ ਮੋਹਰੀ ਰਿਹਾ ਸੂਬਾ ਇਸ ਰਿਪੋਰਟ ਅਨੁਸਾਰ ਹੁਣ ਬਾਰ੍ਹਵੇਂ ਨੰਬਰ 'ਤੇ ਪਹੁੰਚ ਗਿਆ ਹੈ ਜਦੋਂ ਕਿ 2005 ਵਿੱਚ ਇਹ ਛੇਵੇਂ ਨੰਬਰ 'ਤੇ ਸੀ। ਆਰਥਿਕ ਪੱਖੋਂ ਖ਼ੁਸ਼ਹਾਲ ਮੰਨੇ ਜਾਂਦੇ ਪੰਜਾਬ ਦਾ ਖ਼ਜ਼ਾਨਾ ਖਾਲੀ ਹੋ ਕੇ ਰਹਿ ਗਿਆ ਹੈ ਅਤੇ ਸੂਬਾ ਹਰ ਖੇਤਰ ਵਿੱਚ ਪਛੜ ਗਿਆ ਹੈ। ਹੋਰ ਤਾਂ ਹੋਰ, ਹਰਿਆਣਾ, ਹਿਮਾਚਲ ਪ੍ਰਦੇਸ਼, ਆਂਧਰਾ ਪ੍ਰਦੇਸ਼, ਜੰਮੂ ਕਸ਼ਮੀਰ, ਰਾਜਸਥਾਨ, ਕਰਨਾਟਕ, ਕੇਰਲ ਅਤੇ ਛੱਤੀਸਗੜ੍ਹ ਸੂਬਿਆਂ ਦੀ ਆਰਥਿਕ ਸਥਿਤੀ ਵੀ ਪੰਜਾਬ ਤੋਂ ਬਿਹਤਰ ਹੈ। ਰਿਪੋਰਟ ਵਿੱਚ ਸੂਬੇ ਦੀ ਆਰਥਿਕਤਾ ਸਬੰਧੀ ਵੱਖ-ਵੱਖ ਪੱਖਾਂ ਤੋਂ ਕੀਤੇ ਗਏ ਖੁਲਾਸੇ ਹੈਰਾਨ-ਪ੍ਰੇਸ਼ਾਨ ਕਰਨ ਵਾਲੇ ਹਨ। ਸੱਤਾਧਾਰੀ ਆਗੂ ਇੱਥੇ ਬਹੁਪੱਖੀ ਆਰਥਿਕ ਵਿਕਾਸ ਹੋਣ ਦੀਆਂ ਟਾਹਰਾਂ ਮਾਰ ਕੇ ਲੋਕਾਂ ਨੂੰ ਗੁਮਰਾਹ ਕਰਨ ਵਿੱਚ ਕੋਈ ਕਸਰ ਨਹੀਂ ਛੱਡ ਰਹੇ ਜਦੋਂ ਕਿ ਅਸਲੀਅਤ ਇਸ ਦੇ ਬਿਲਕੁਲ ਉਲਟ ਸੰਕੇਤ ਦਿੰਦੀ ਹੈ। ਇਸ ਦਾ ਬਜਟ ਘਾਟਾ 2011-12 ਦੇ ਕੁੱਲ ਘਰੇਲੂ ਉਤਪਾਦ ਦਾ 3.8 ਫ਼ੀਸਦੀ ਰਿਹਾ ਅਤੇ 80.44 ਫ਼ੀਸਦੀ ਮਾਲੀਆ ਕੇਵਲ ਮੁਲਾਜ਼ਮਾਂ ਦੀਆਂ ਤਨਖ਼ਾਹਾਂ, ਪੈਨਸ਼ਨਾਂ, ਕਰਜ਼ੇ ਦੀਆਂ ਕਿਸ਼ਤਾਂ ਅਤੇ ਬਿਜਲੀ ਸਬਸਿਡੀ ਉਪਰ ਖਰਚ ਹੋ ਗਿਆ। ਰਿਪੋਰਟ ਅਨੁਸਾਰ ਸੂਬੇ ਦੇ ਆਰਥਿਕ ਪਛੜੇਪਣ ਦਾ ਵੱਡਾ ਕਾਰਨ ਕਿਸਾਨਾਂ ਨੂੰ ਮੁਫ਼ਤ ਬਿਜਲੀ ਦੀ ਸਹੂਲਤ ਦੇਣਾ ਹੈ। ਕਿਸੇ ਵੱਡੇ ਪੂੰਜੀ ਨਿਵੇਸ਼ ਦਾ ਨਾ ਹੋਣਾ ਵੀ ਆਰਥਿਕ ਮੰਦੀ ਦਾ ਇੱਕ ਕਾਰਨ ਹੈ। ਬਿਜਲੀ ਦੀ ਘਾਟ, ਜ਼ਮੀਨਾਂ ਦੇ ਉੱਚੇ ਭਾਅ ਅਤੇ ਪ੍ਰਬੰਧਕੀ ਖਾਮੀਆਂ ਵੱਡੇ ਪੂੰਜੀ ਨਿਵੇਸ਼ ਦੇ ਰਾਹ ਵਿੱਚ ਰੁਕਾਵਟ ਹਨ। ਰਿਪੋਰਟ ਨੇ ਇਸ ਗੱਲ ਤੋਂ ਪਰਦਾ ਚੁੱਕਿਆ ਹੈ ਕਿ ਸਰਹੱਦੀ ਸੂਬਾ, ਅਤਿਵਾਦ ਤੋਂ ਪੀੜਤ ਅਤੇ ਭੂਗੋਲਿਕ ਪੱਖੋਂ ਬਿਹਤਰ ਨਾ ਹੋਣਾ ਆਰਥਿਕ ਮੰਦਹਾਲੀ ਲਈ ਜ਼ਿੰਮੇਵਾਰ ਨਹੀਂ ਸਗੋਂ ਸੱਚਾਈ ਇਹ ਹੈ ਕਿ ਅਜਿਹਾ ਪ੍ਰਸ਼ਾਸਨਿਕ ਕਮਜ਼ੋਰੀਆਂ ਅਤੇ ਗਲਤ ਨੀਤੀਆਂ ਦਾ ਸਿੱਟਾ ਹੈ। ਸੂਬੇ ਦੀ ਆਰਥਿਕ ਦਸ਼ਾ ਸੁਧਾਰਨ ਲਈ ਸਰਕਾਰ ਦੁਆਰਾ ਕੋਈ ਠੋਸ ਕੋਸ਼ਿਸ਼ ਨਹੀਂ ਕੀਤੀ ਜਾ ਰਹੀ।

ਇਸ ਗੱਲ ਵਿੱਚ ਕੋਈ ਦੋ ਰਾਇ ਨਹੀਂ ਹੈ ਕਿ ਸੂਬੇ ਦੀ ਆਰਥਿਕ ਹਾਲਤ ਦਿਨ-ਬ-ਦਿਨ ਬਦਤਰ ਹੁੰਦੀ ਜਾ ਰਹੀ ਹੈ। ਮਾਲੀਆ ਘੱਟ ਰਿਹਾ ਹੈ ਅਤੇ ਖਰਚੇ ਵਧ ਰਹੇ ਹਨ ਪਰ ਦੂਜੇ ਪਾਸੇ ਆਰਥਿਕ ਸੁਧਾਰਾਂ ਲਈ ਕੁਝ ਵੀ ਨਹੀਂ ਕੀਤਾ ਜਾ ਰਿਹਾ। ਵੋਟ-ਬਟੋਰੂ ਸਿਆਸਤ ਕਾਰਨ ਸਬਸਿਡੀਆਂ ਅਤੇ ਰਿਆਇਤਾਂ ਦਾ ਭਾਰ ਵਧ ਰਿਹਾ ਹੈ ਅਤੇ ਬੁਨਿਆਦੀ ਢਾਂਚਾ, ਬਿਜਲੀ, ਸਿੱਖਿਆ, ਸਿਹਤ ਅਤੇ ਹੋਰ ਮਹੱਤਵਪੂਰਨ ਖੇਤਰ ਪਛੜਦੇ ਜਾ ਰਹੇ ਹਨ। ਹੋਰ ਤਾਂ ਹੋਰ ਸਰਕਾਰ ਨਿਸ਼ਚਿਤ ਟੀਚਿਆਂ ਦੀ ਪ੍ਰਾਪਤੀ ਵੀ ਕਰਨ ਵਿੱਚ ਅਸਫ਼ਲ ਹੋ ਰਹੀ ਹੈ। ਨਵੰਬਰ 2012 ਦੇ ਅੰਤ ਤਕ ਸਟੈਂਪ ਡਿਊਟੀ ਅਤੇ ਰਜਿਸਟ੍ਰੇਸ਼ਨ ਫ਼ੀਸ ਤੋਂ 3375 ਕਰੋੜ ਦੇ ਟੀਚੇ ਦੇ ਮੁਕਾਬਲੇ ਕੇਵਲ 1920.30 ਕਰੋੜ ਹੀ ਇਕੱਤਰ ਹੋਏ ਹਨ। ਰੀਅਲ ਅਸਟੇਟ ਵਿੱਚ ਖੜੋਤ ਅਤੇ ਗੈਰ-ਕਾਨੂੰਨੀ ਕਲੋਨੀਆਂ ਦੇ ਕਾਰੋਬਾਰ ਕਾਰਨ ਮਾਲੀਆ ਇਕੱਠਾ ਕਰਨ ਦੀ ਪ੍ਰਕਿਰਿਆ ਨੂੰ ਭਾਰੀ ਸੱਟ ਵੱਜੀ ਹੈ।

ਚਾਲੂ ਵਿੱਤੀ ਸਾਲ ਵਿੱਚ ਮਾਲੀਏ ਤੋਂ 38043.36 ਕਰੋੜ ਦੇ ਟੀਚੇ ਦੇ ਮੁਕਾਬਲੇ ਨਵੰਬਰ ਦੇ ਅੰਤ ਤਕ ਸਿਰਫ਼ 17,625.75 ਕਰੋੜ ਹੀ ਇਕੱਠੇ ਹੋ ਸਕੇ ਹਨ। ਘੱਟ ਮਾਲੀਏ ਕਾਰਨ ਕੇਂਦਰੀ ਗਰਾਂਟਾਂ ਵਿੱਚ ਬਣਦਾ ਹਿੱਸਾ ਪਾਉਣ ਤੋਂ ਵੀ ਅਸਮਰੱਥ ਰਹਿਣ ਕਾਰਨ ਸੂਬਾ ਕੇਂਦਰੀ ਗਰਾਂਟਾਂ ਪ੍ਰਾਪਤ ਕਰਨ ਵਿੱਚ ਵੀ ਫਾਡੀ ਰਹਿ ਰਿਹਾ ਹੈ। ਇਸ ਤੋਂ ਇਲਾਵਾ ਚਾਲੂ ਵਿੱਤੀ ਸਾਲ ਵਿੱਚ ਸੂਬੇ ਨੂੰ 6662.08 ਕਰੋੜ ਰੁਪਏ ਕਰਜ਼ਿਆਂ ਦੇ ਵਿਆਜ ਵਜੋਂ ਅਤੇ 4632 ਕਰੋੜ ਰੁਪਏ ਬਿਜਲੀ ਸਬਸਿਡੀ ਦੇ ਵੀ ਅਦਾ ਕਰਨੇ ਪੈਣੇ ਹਨ।

ਸੱਤਾਧਾਰੀ ਧਿਰ ਭਾਵੇਂ ਵਿਕਾਸ ਦੇ ਲੱਖ ਦਾਅਵੇ ਕਰੇ ਪਰ ਤੱਥ ਇਸ ਦਾ ਮੂੰਹ ਚਿੜਾਉਂਦੇ ਨਜ਼ਰ ਆ ਰਹੇ ਹਨ। ਸਰਕਾਰ ਨੂੰ ਬਿਨਾਂ ਦੇਰੀ ਸੂਬੇ ਦੀ ਆਰਥਿਕ ਹਾਲਤ ਸੁਧਾਰਨ ਲਈ ਠੋਸ ਅਤੇ ਕਾਰਗਰ ਯੋਜਨਾਬੰਦੀ ਬਣਾਉਣ ਦੀ ਜ਼ਰੂਰਤ ਹੈ।

ਮੁੱਖ ਸੰਸਦੀ ਸਕੱਤਰਾਂ ਦੀ ਫ਼ੌਜ ਅਤੇ ਗੈਰ-ਜ਼ਰੂਰੀ ਬੋਰਡਾਂ, ਕਾਰਪੋਰੇਸ਼ਨਾਂ ਤੋਂ ਨਿਜਾਤ ਪਾਉਣੀ ਜ਼ਰੂਰੀ ਹੋਵੇਗਾ। ਲੋਕ-ਲੁਭਾਊ ਸਕੀਮਾਂ ਦੀ ਥਾਂ ਸੂਬੇ ਦੇ ਬੁਨਿਆਦੀ ਢਾਂਚੇ ਦੀ ਮਜ਼ਬੂਤੀ ਦੇ ਨਾਲ ਨਾਲ ਬਿਜਲੀ, ਸਿੱਖਿਆ ਅਤੇ ਸਿਹਤ ਜਿਹੇ ਮਹੱਤਵਪੂਰਨ ਖੇਤਰਾਂ ਦੀ ਸਾਰ ਲੈਣੀ ਚਾਹੀਦੀ ਹੈ। ਬੇਲੋੜੀਆਂ ਸਬਸਿਡੀਆਂ ਬੰਦ ਕਰ ਕੇ ਸੂਬੇ ਦੀ ਆਰਥਿਕਤਾ ਮਜ਼ਬੂਤ ਕਰਨ ਦੀ ਜ਼ਰੂਰਤ ਹੈ। ਪੰਜਾਬ ਦੇ ਵਸਨੀਕ ਰਿਆਇਤਾਂ ਨਹੀਂ ਸਹੂਲਤਾਂ ਚਾਹੁੰਦੇ ਹਨ ਅਤੇ ਉਹ ਇਨ੍ਹਾਂ ਲਈ ਟੈਕਸ ਦੇਣ ਤੋਂ ਗੁਰੇਜ਼ ਨਹੀਂ ਕਰਨਗੇ। ਲੋੜ ਕੇਵਲ ਸਿਆਸੀ ਪਹੁੰਚ ਦਰੁਸਤ ਕਰਨ ਦੀ ਹੈ।

ਆਰਥਿਕ ਸੁਧਾਰਾਂ ਤੋਂ ਬਿਨਾਂ ਸੂਬੇ ਦਾ ਭਲਾ ਹੋਣਾ ਮੁਸ਼ਕਲ ਜਾਪਦਾ ਹੈ। ਹਾਕਮਾਂ ਨੂੰ ਆਰਥਿਕ ਮਾਮਲਿਆਂ ਬਾਰੇ ਵਿਸ਼ਵ ਦੇ ਉੱਘੇ ਮਾਹਿਰਾਂ ਦੀ ਰਿਪੋਰਟ ਨੂੰ ਧਿਆਨ ਨਾਲ ਵਾਚ ਕੇ ਲੋੜੀਂਦੇ ਕਦਮ ਚੁੱਕਣ ਦੀ ਸਖ਼ਤ ਜ਼ਰੂਰਤ ਹੈ ਤਾਂ ਜੋ ਪੰਜਾਬ ਨੂੰ ਮੁੜ ਦੇਸ਼ ਦਾ ਨੰਬਰ ਇੱਕ ਸੂਬਾ ਬਣਾਇਆ ਜਾ ਸਕੇ।

ਦਿੱਲੀ ਗੁਰਦੁਆਰਾ ਚੋਣਾਂ ਦੇ ਨਤੀਜੇ- ਧੜੇ ਜਿੱਤੇ, ਮਰਿਆਦਾ ਹਾਰੀ

ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ 46 ਹਲਕਿਆਂ ਲਈ 27 ਜਨਵਰੀ ਨੂੰ ਪਈਆਂ ਵੋਟਾਂ ਦੇ ਨਤੀਜੇ ਸਿਆਸੀ ਵਿਸ਼ਲੇਸ਼ਕਾਂ ਦੇ ਅਨੁਮਾਨ ਅਨੁਸਾਰ ਹੀ ਰਹੇ ਹਨ। ਇਨ੍ਹਾਂ ਚੋਣਾਂ ਵਿੱਚ ਸ਼੍ਰੋਮਣੀ ਅਕਾਲੀ ਦਲ (ਬਾਦਲ) ਨੇ 37 ਸੀਟਾਂ ਜਿੱਤ ਕੇ ਕਮੇਟੀ ਉੱਤੇ 14 ਸਾਲ ਤੋਂ ਕਾਬਜ਼ ਮੌਜੂਦਾ ਸੱਤਾਧਾਰੀ ਸਰਨਾ ਗਰੁੱਪ ਨੂੰ ਭਾਰੀ ਮਾਤ ਦਿੱਤੀ ਹੈ। ਇਸ ਵਾਰ ਵੀ ਪਿਛਲੀਆਂ ਚੋਣਾਂ ਵਾਂਗ ਤਿਕੋਨੀ ਟੱਕਰ ਸੀ ਪਰ ਮੁੱਖ ਮੁਕਾਬਲਾ ਸ਼੍ਰੋਮਣੀ ਅਕਾਲੀ ਦਲ (ਬਾਦਲ) ਅਤੇ ਸਰਨਾ ਗਰੁੱਪ ਦਰਮਿਆਨ ਹੀ ਸੀ। ਸੱਤਾਧਾਰੀ ਗਰੁੱਪ ਦੀ ਮਿਆਦ ਪੂਰੀ ਹੋ ਜਾਣ ਉਪਰੰਤ ਚੋਣਾਂ ਦੇ ਐਲਾਨ ਤੋਂ ਪਹਿਲਾਂ ਵੱਖ-ਵੱਖ ਵਿਵਾਦਾਂ 'ਚ ਘਿਰੀ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਇਹ ਚੋਣਾਂ ਉੱਚ-ਅਦਾਲਤ ਦੇ ਦਖ਼ਲ ਕਾਰਨ ਸੰਭਵ ਹੋਈਆਂ ਸਨ ਅਤੇ ਸਮੁੱਚੀ ਚੋਣ ਪ੍ਰਕਿਰਿਆ ਨੇਪਰੇ ਚੜ੍ਹ ਸਕੀ ਹੈ। ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਭਾਵੇਂ ਪਹਿਲਾਂ ਵੀ ਚਰਚਾ ਦਾ ਵਿਸ਼ਾ ਰਹਿੰਦੀਆਂ ਰਹੀਆਂ ਹਨ ਪਰ ਇਸ ਵਾਰ ਇਹ ਬਾਦਲ ਅਤੇ ਸਰਨਾ ਧੜਿਆਂ ਵਿੱਚ ਵੱਕਾਰ ਦਾ ਸਵਾਲ ਬਣ ਗਈਆਂ ਸਨ। ਉਂਜ ਭਾਵੇਂ ਇਹ ਚੋਣਾਂ ਦਿੱਲੀ ਦੇ ਗੁਰਦੁਆਰਿਆਂ ਦੀ ਸੇਵਾ-ਸੰਭਾਲ ਅਤੇ ਪ੍ਰਬੰਧ ਲਈ ਹੋਈਆਂ ਹਨ ਪਰ ਸਮੁੱਚੀ ਚੋਣ ਪ੍ਰਕਿਰਿਆ ਨੂੰ ਵਾਚਣ ਤੋਂ ਸਪਸ਼ਟ ਹੁੰਦਾ ਹੈ ਕਿ ਇਹ ਅਸਲ ਵਿੱਚ ਸਿਆਸੀ ਦੰਗਲ ਬਣ ਕੇ ਹੀ ਰਹਿ ਗਈਆਂ ਹਨ। ਸਿਆਸੀ ਪੰਡਿਤਾਂ ਅਨੁਸਾਰ ਇਨ੍ਹਾਂ ਚੋਣਾਂ ਦੀ ਸਿਆਸੀ ਮਹੱਤਤਾ ਇਸ ਵਰ੍ਹੇ ਹੋਣ ਵਾਲੀਆਂ ਦਿੱਲੀ ਵਿਧਾਨ ਸਭਾ ਦੀਆਂ ਚੋਣਾਂ ਕਰਕੇ ਵਧੇਰੇ ਸੀ ਕਿਉਂਕਿ ਇਨ੍ਹਾਂ ਦੇ ਨਤੀਜਿਆਂ ਨੂੰ ਦਿੱਲੀ ਦੇ ਸਿੱਖਾਂ ਦੀ ਸਿਆਸੀ ਸੋਚ ਦੇ ਪ੍ਰਗਟਾਵੇ ਵਜੋਂ ਵੇਖਿਆ ਜਾ ਰਿਹਾ ਹੈ। ਗੌਰਤਲਬ ਹੈ ਕਿ 70-ਮੈਂਬਰੀ ਦਿੱਲੀ ਵਿਧਾਨ ਸਭਾ ਦੀਆਂ 27 ਸੀਟਾਂ 'ਤੇ ਸਿੱਖ ਵੋਟ ਫ਼ੈਸਲਾਕੁਨ ਸਾਬਤ ਹੋ ਸਕਦੀ ਹੈ। ਇਸੇ ਕਰਕੇ ਇਨ੍ਹਾਂ ਚੋਣਾਂ ਪਿੱਛੇ ਅਪ੍ਰਤੱਖ ਰੂਪ ਵਿੱਚ ਰਾਜਧਾਨੀ ਦੀਆਂ ਦੋ ਪ੍ਰਮੁੱਖ ਸਿਆਸੀ ਪਾਰਟੀਆਂ ਦੀ ਅਹਿਮ ਭੂਮਿਕਾ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਦਿੱਲੀ ਦੇ ਸਿੱਖਾਂ ਦੀਆਂ ਲਗਪਗ ਸਾਰੀਆਂ ਜਥੇਬੰਦੀਆਂ ਦੀਆਂ ਗਤੀਵਿਧੀਆਂ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੁਆਲੇ ਕੇਂਦਰਿਤ ਹੋਣ ਕਰਕੇ ਕਾਂਗਰਸ ਅਤੇ ਭਾਜਪਾ ਸਿੱਧੇ ਰੂਪ ਵਿੱਚ ਇਹ ਚੋਣਾਂ ਨਾ ਲੜਨ ਦੇ ਬਾਵਜੂਦ ਆਪੋ-ਆਪਣੇ ਸਮਰਥਕ ਗਰੁੱਪਾਂ ਨੂੰ ਇਸ ਕਮੇਟੀ 'ਤੇ ਕਾਬਜ਼ ਕਰਵਾਉਣ ਲਈ ਪੂਰਾ ਯਤਨ ਕਰਦੀਆਂ ਹਨ ਤਾਂ ਜੋ ਇਸ ਦੇ ਜ਼ਰੀਏ ਦਿੱਲੀ ਦੇ ਸਿੱਖਾਂ ਨੂੰ ਆਪਣੇ ਸਿਆਸੀ ਮੁਫ਼ਾਦ ਲਈ ਵਰਤਿਆ ਜਾ ਸਕੇ।

ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਹੋਈਆਂ ਇਨ੍ਹਾਂ ਚੋਣਾਂ ਵਿੱਚ ਭਾਵੇਂ ਬਾਦਲ ਦਲ ਦੀ ਜਿੱਤ ਅਤੇ ਸਰਨਾ ਗਰੁੱਪ ਦੀ ਭਾਰੀ ਹਾਰ ਹੋਈ ਹੈ ਪਰ ਸਿੱਖ ਸਿਧਾਂਤਕਾਰਾਂ ਦੁਆਰਾ ਇਸ ਨੂੰ ਸਿਆਸੀ ਧੜਿਆਂ ਦੀ ਜਿੱਤ-ਹਾਰ ਵਜੋਂ ਵੇਖਦਿਆਂ ਮਰਿਆਦਾ ਨੂੰ ਹਾਰ ਦੇ ਰੂਪ ਵਿੱਚ ਵੇਖਿਆ ਜਾ ਰਿਹਾ ਹੈ। ਸਿਧਾਂਤਾਂ ਨੂੰ ਛਿੱਕੇ ਟੰਗ ਕੇ ਚੋਣਾਂ ਵਿੱਚ ਵੋਟਰਾਂ ਨੂੰ ਭਰਮਾਉਣ ਲਈ ਪਾਰਲੀਮਾਨੀ ਚੋਣਾਂ ਵਾਂਗ ਹੀ ਨਸ਼ਿਆਂ ਅਤੇ ਨੋਟਾਂ ਦੀ ਖੁੱਲ੍ਹ ਕੇ ਵਰਤੋਂ ਹੋਈ ਹੈ। ਦੋਵਾਂ ਧੜਿਆਂ ਵੱਲੋਂ ਇੱਕ-ਦੂਜੇ ਵਿਰੁੱਧ ਇਲਜ਼ਾਮਤਰਾਸ਼ੀ ਦਾ ਕੋਈ ਹੱਦ-ਬੰਨਾ ਨਹੀਂ ਰਿਹਾ ਪਰ ਕਿਸੇ ਨੇ ਵੀ ਸਿੱਖੀ ਦੇ ਮੂਲ ਸਿਧਾਂਤਾਂ ਦੀ ਗੱਲ ਤਕ ਨਹੀਂ ਕੀਤੀ। ਉਮੀਦਵਾਰਾਂ ਦੀ ਸਿੱਖੀ ਵਿੱਚ ਪ੍ਰਪੱਕਤਾ ਅਤੇ ਸਿੱਖੀ ਨੂੰ ਦੇਣ ਦਾ ਕੋਈ ਜ਼ਿਕਰ ਨਹੀਂ ਹੋਇਆ ਅਤੇ ਇੱਕ-ਦੂਜੇ ਨੂੰ ਉਨ੍ਹਾਂ ਦੇ ਸਿਆਸੀ ਆਕਾਵਾਂ ਦਾ ਹੱਥਠੋਕਾ ਗਰਦਾਨਣ ਵਿੱਚ ਹੀ ਜ਼ੋਰ-ਅਜ਼ਮਾਈ ਹੁੰਦੀ ਰਹੀ। ਇੱਕ ਧੜੇ ਨੇ ਜਿੱਥੇ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਸ਼ਰ੍ਹੇਆਮ ਮਦਦ ਲਈ, ਉੱਥੇ ਦੂਜੇ ਧੜੇ ਨੇ ਆਪਣੀ ਸਾਰੀ ਸਿਆਸੀ ਤਾਕਤ ਝੋਕਦੇ ਹੋਏ ਸਮੁੱਚੀ ਕੈਬਨਿਟ ਹੀ ਦਿੱਲੀ ਜਾ ਬਿਠਾਈ। ਹੋਰ ਤਾਂ ਹੋਰ, ਕਈ ਡੇਰਾ ਮੁਖੀਆਂ ਅਤੇ ਸੰਤ ਸਮਾਜ ਦੇ ਨੇਤਾਵਾਂ ਦੀਆਂ ਸੇਵਾਵਾਂ ਵੀ ਸਿੱਖ ਵੋਟਰਾਂ ਨੂੰ ਭਰਮਾਉਣ ਲਈ ਲਈਆਂ ਗਈਆਂ। ਦਿੱਲੀ ਦੇ ਸਿੱਖ ਵੋਟਰਾਂ ਦੀਆਂ ਭਾਵਨਾਵਾਂ ਨੂੰ ਉਕਸਾਉਣ ਲਈ 1984 ਦੇ ਦੰਗਿਆਂ ਨੂੰ ਜ਼ੋਰਦਾਰ ਢੰਗ ਨਾਲ ਉਛਾਲਿਆ ਤਾਂ ਗਿਆ ਪਰ ਪੀੜਤਾਂ ਲਈ ਕੀ ਕੀਤਾ, ਉਸ ਸਬੰਧੀ ਚੁੱਪ ਧਾਰੀ ਰੱਖੀ। ਚੋਣ ਨਤੀਜਿਆਂ ਤੋਂ ਬਾਅਦ ਜੇਤੂ ਅਤੇ ਹਾਰੇ ਹੋਏ ਧੜਿਆਂ ਨੂੰ ਸਿੱਖ ਸੰਦਰਭ ਵਿੱਚ ਸਿੱਖ ਧਰਮ ਦੇ ਵਿਕਾਸ ਲਈ ਆਪੋ-ਆਪਣੀ ਕਾਰਗੁਜ਼ਾਰੀ 'ਤੇ ਆਤਮਚਿੰਤਨ ਕਰਨ ਦੀ ਜ਼ਰੂਰਤ ਹੋਵੇਗੀ। ਸੇਵਾ ਦੇ ਸੰਕਲਪ ਵਿੱਚ ਜਿੱਤ-ਹਾਰ ਮਾਅਨੇ ਨਹੀਂ ਰੱਖਦੀ ਸਗੋਂ ਨਿਰਸਵਾਰਥ ਹੋ ਕੇ ਸਿੱਖ ਸਿਧਾਂਤਾਂ ਅਨੁਸਾਰ ਜੀਵਨ ਜਿਉਣਾ ਵੱਧ ਮਹੱਤਵਪੂਰਨ ਹੁੰਦਾ ਹੈ। ਸੇਵਾ, ਸਿਮਰਨ, ਕਿਰਤ ਕਰਨ ਅਤੇ ਵੰਡ ਛਕਣ ਵਿੱਚ ਹਾਰ ਰੁਕਾਵਟ ਨਹੀਂ ਬਣਦੀ। ਹਾਰੇ ਅਤੇ ਚੁਣੇ ਗਏ ਮੈਂਬਰਾਂ ਨੂੰ ਜਿੱਤ ਤੇ ਹਾਰ ਤੋਂ ਉੱਪਰ ਉੱਠ ਕੇ ਸਿੱਖੀ ਨੂੰ ਪ੍ਰਫੁੱਲਿਤ ਕਰਨ ਲਈ ਸਾਰਥਿਕ ਯਤਨ ਕਰਨੇ ਚਾਹੀਦੇ ਹਨ। ਗੁਰੂ ਦੀਆਂ ਅਸਲੀ ਖ਼ੁਸ਼ੀਆਂ ਪ੍ਰਾਪਤ ਕਰਨ ਦਾ ਇਹੋ ਉੱਤਮ ਮਾਰਗ ਹੈ।

ਹਰਿਆਣਾ ਵਿੱਚ ਵੱਖਰੀ ਗੁਰਦੁਆਰਾ ਕਮੇਟੀ ਲਈ ਯਤਨ ਮੁੜ ਸ਼ੁਰੂ

ਚੰਡੀਗੜ੍ਹ- ਹਰਿਆਣਾ ਦੇ ਸਿੱਖ ਆਗੂਆਂ ਨੇ ਨਵੇਂ ਸਿਰੇ ਤੋਂ ਵੱਖਰੀ ਗੁਰਦੁਆਰਾ ਪ੍ਰਬੰਧਕ ਕਮੇਟੀ ਬਣਾਉਣ ਲਈ ਯਤਨ ਸ਼ੁਰੂ ਕਰ ਦਿੱਤੇ ਹਨ। ਵੱਖਰੀ ਕਮੇਟੀ ਦੇ ਆਗੂਆਂ ਨੇ ਇਸ ਸਬੰਧ ਵਿਚ ਇਕ ਮੰਗ ਪੱਤਰ ਹਰਿਆਣਾ ਦੇ ਰਾਜਪਾਲ ਜਗਨ ਨਾਥ ਪਹਾੜੀਆ ਨੂੰ ਦਿੱਤਾ ਹੈ।

ਰਾਜਪਾਲ ਨੇ ਆਗੂਆਂ ਨੂੰ ਭਰੋਸਾ ਦਿੱਤਾ ਹੈ ਕਿ ਉਹ ਵੱਖਰੀ ਕਮੇਟੀ ਬਣਾਉਣ ਲਈ ਸਰਕਾਰ ਨੂੰ ਕਹਿਣਗੇ। ਕਾਂਗਰਸ ਹਲਕਿਆਂ ਵਿਚ ਇਸ ਗੱਲ ਨੂੰ ਲੈ ਕੇ ਚਰਚਾ ਛਿੜੀ ਹੋਈ ਹੈ ਕਿ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਵਿਚ ਕਾਂਗਰਸੀ ਪੱਖੀ ਸਰਨਾ ਭਰਾਵਾਂ ਦੀ ਤਕੜੀ ਹਾਰ ਤੋਂ ਬਾਅਦ ਕਾਂਗਰਸ ਹਰਿਆਣਾ ਵਿਧਾਨ ਸਭਾ ਤੇ ਲੋਕ ਸਭਾ ਚੋਣਾਂ ਲਈ ਸਿੱਖਾਂ ਵਿਚ ਆਪਣੇ ਆਧਾਰ ਨੂੰ ਖੁਰਨ ਤੋਂ ਬਚਾਉਣ ਲਈ ਨਵੇਂ ਸਿੱਖ ਆਗੂਆਂ ਦੀ ਤਲਾਸ਼ ਸ਼ੁਰੂ ਕਰੇਗੀ। ਹਰਿਆਣਾ ਗੁਰਦੁਆਰਾ ਪ੍ਰਬੰਧਕ ਕਮੇਟੀ (ਅਡਹਾਕ) ਦੇ ਪ੍ਰਧਾਨ ਜਗਦੀਸ਼ ਸਿੰਘ ਝੀਂਡਾ ਨੇ ਦੱਸਿਆ ਕਿ ਉਨ੍ਹਾਂ ਦੀ ਅਗਵਾਈ ਹੇਠ ਵਫਦ ਨੇ ਵੱਖਰੀ ਕਮੇਟੀ ਬਣਾਉਣ ਬਾਰੇ ਰਾਜਪਾਲ ਨਾਲ ਲਗਪਗ ਪੰਦਰਾਂ ਮਿੰਟ ਤਕ ਗੱਲਬਾਤ ਕੀਤੀ ਤੇ ਸ੍ਰੀ ਪਹਾੜੀਆ ਨੂੰ ਹਰਿਆਣਾ ਪ੍ਰਦੇਸ਼ ਕਾਂਗਰਸ ਕਮੇਟੀ ਦੇ ਦੋ ਚੋਣ ਮੈਨੀਫੈਸਟੋ ਵੀ ਦਿੱਤੇ ਜਿਨ੍ਹਾਂ ਵਿਚ ਹਰਿਆਣਾ ਦੀ ਵੱਖਰੀ ਗੁਰਦੁਆਰਾ ਪ੍ਰਬੰਧਕ ਕਮੇਟੀ ਬਣਾਉਣ ਦੇ ਵਾਅਦੇ ਕੀਤੇ ਗਏ ਹਨ। ਉਨ੍ਹਾਂ ਨੇ ਹਰਿਆਣਾ ਦੀ ਹੁੱਡਾ ਸਰਕਾਰ ਵੱਲੋਂ ਬਣਾਈ ਹਰਮੋਹਿੰਦਰ ਸਿੰਘ ਚੱਠਾ ਦੀ ਰਿਪੋਰਟ ਦੀ ਨਕਲ ਵੀ ਰਾਜਪਾਲ ਨੂੰ ਪੇਸ਼ ਕੀਤੀ।

ਗੋਰਿਆਂ-ਕਾਲਿਆਂ ਦੇ ਸਿਰ ਚੜ੍ਹ ਕੇ ਬੋਲ ਰਿਹੈ ਸਮੋਸੇ ਦਾ ਜਾਦੂ

ਟੋਰਾਂਟੋ- ਆਮ ਕਹਾਵਤ ਹੈ ਕਿ ਭਾਰਤੀ ਲੋਕ ਤੇ ਆਲੂ ਦੁਨੀਆ ਦੀ ਹਰ ਨੁੱਕਰ ਵਿੱਚ ਲੱਭ ਜਾਂਦੇ ਹਨ ਅਤੇ ਆਲੂ ਤੋਂ ਬਗੈਰ ਅਸਲ ਸਮੋਸਾ ਨਹੀਂ ਬਣਦਾ। ਭਾਰਤੀ/ ਪੰਜਾਬੀ ਹੁਣ ਦੁਨੀਆਂ ਵਿੱਚ ਫੈਲ ਗਏ ਹਨ ਅਤੇ ਇਨ੍ਹਾਂ ਦੇ ਖਾਣ-ਪਕਵਾਨ ਵੀ ਗੋਰਿਆਂ-ਕਾਲਿਆਂ ਵਿੱਚ ਮਸ਼ਹੂਰ ਹੋ ਗਏ ਹਨ। ਇਸ ਦੀ ਸ਼ਾਹਦੀ ਵਿਦੇਸ਼ਾਂ ਵਿਚ ਥਾਂ-ਥਾਂ ਖੁੱਲ੍ਹੇ ਦੇਸੀ ਰੇਸਤਰਾਂ ਭਰਦੇ ਹਨ, ਜਿੱਥੇ ਨਾ ਸਿਰਫ ਦੇਸੀ, ਸਗੋਂ ਹੋਰ ਨਸਲਾਂ ਦੇ ਲੋਕ ਵੀ ਸੁਆਦ ਚੱਖਣ ਆਉਂਦੇ ਹਨ। ਕੋਈ ਅਜਿਹਾ ਭਾਰਤੀ ਰੇਸਤਰਾਂ ਨਹੀਂ ਜਿੱਥੇ ਸਮੋਸਾ ਨਾ ਹੋਵੇ। ਸਮੋਸੇ ਦੀ ਮੰਗ ਨੂੰ ਵੇਖਦਿਆਂ ਕਈ ਕੰਪਨੀਆਂ ਵੱਲੋਂ ਰੈਡੀਮੇਡ' ਸਮੋਸੇ ਵੀ ਮੰਡੀ 'ਚ ਉਤਾਰੇ ਗਏ, ਪਰ ਦੁਕਾਨਾਂ 'ਤੇ ਮਿਲਦੇ ਤਾਜ਼ੇ ਮਹਿਕਦੇ ਸਮੋਸਿਆਂ ਦੀ ਗੱਲ ਵੱਖਰੀ ਹੈ। ਗੁਰਦਾਸ ਮਾਨ ਨੇ ਵੀ ਇੱਕ ਫ਼ਿਲਮ ਵਿਚ ਸਮੋਸੇ ਦੀ ਹੋਮ ਡਲਿਵਰੀ ਦਾ ਕਾਰੋਬਾਰ ਚਲਾਇਆ, ਫਿਲਮ ਤਾਂ ਬਹੁਤੀ ਨਹੀਂ ਚੱਲੀ ਪਰ ਸਮੋਸੇ ਨੂੰ ਕੋਈ 'ਫ਼ਰਕ' ਨਹੀਂ ਪਿਆ। ਬੇਸ਼ਕ ਇਹ ਹੋਰ ਫਾਸਟ ਫੂਡ'(ਬਰਗਰ ਆਦਿ) ਨਾਲੋਂ ਸਸਤਾ (ਡਾਲਰ ਦੇ ਤਿੰਨ ਜਾਂ ਚਾਰ) ਪੈਂਦਾ ਹੈ ਪਰ ਫਿਰ ਵੀ ਇਸ ਦੀ ਬੇਕਦਰੀ ਨਹੀਂ ਹੋਈ। ਟੋਰਾਂਟੋ 'ਚ ਪੰਜਾਬੀਆਂ ਦੀ ਸਮੋਸਾ ਐਂਡ

ਸਵੀਟਸ ਫੈਕਟਰੀ'ਨੇ ਦੋ ਦਹਾਕੇ ਪਹਿਲਾਂ ਸਮੋਸਿਆਂ ਦੀ ਮਸ਼ੀਨ ਫਿੱਟ ਕਰ ਲਈ ਜਿੱਥੇ ਕੁਇੰਟਲਾਂ ਦੇ ਹਿਸਾਬ ਸਮੋਸੇ ਬਣ ਕੇ ਅੱਗੇ ਦੁਕਾਨਾਂ ਨੂੰ ਭੇਜੇ ਜਾਂਦੇ ਹਨ। ਸਮੋਸੇ ਦੀ ਪ੍ਰਸਿੱਧੀ ਏਨੀ ਵਧੀ ਕਿ ਗੋਰੇ ਕਾਲੇ ਵੀ ਸਮੋਸੇ' ਦਾ' ਸ਼ੁੱਧ' ਉਚਾਰਣ ਕਰਨ ਲੱਗੇ ਪਰ ਅਸਲ ਸਮੋਸੇ 'ਚ ਰਲਾਵਟ ਹੋ ਗਈ ਹੈ। ਇੱਥੇ ਜੋ ਹਾਲ ਦੇਸੀਆਂ ਨੇ ਇਟਾਲੀਅਨ ਪੀਜ਼ੇ ਦਾ ਕੀਤਾ ਉਹੀ ਕੁਝ'ਸਮੋਸੇ ਨਾਲ ਹੋਇਆ। ਸਾਡਿਆਂ ਨੇ ਪੀਜ਼ੇ ਉੱਤੇ ਅਧਰਕ, ਧਨੀਆ, ਲਸਣ, ਛਿੜਕ ਕੇ ਪੰਜਾਬੀ ਸਟਾਈਲ ਕਰ ਦਿੱਤਾ ਅਤੇ ਉਨ੍ਹਾਂ ਸਮੋਸੇ ਦੇ ਅੰਦਰ ਚਿਕਨ, ਗਾਂ, ਸੂਰ ਅਤੇ ਪਤਾ ਨ੍ਹੀ ਕੀ-ਕੀ ਭਰ ਕੇ ਇਹਦਾ ਸੁਆਦ ਬਦਲ ਕੇ ਰੱਖ ਦਿੱਤਾ। ਖੈਰ ਸਮੋਸਾ ਤਾਂ ਸਮੋਸਾ ਹੀ ਹੈ ਇਹਦੀ ਝੰਡੀ ਕਾਇਮ ਹੈ ਤੇ ਰਹੇਗੀ।

MOGA TRUCK SERVICE CENTER

OWNED AND OPERATED BY MOGA WHOLESALE

Best Quality Best Service

Michelin, Bridge Stone, Firestone
Goodyear, Yokohama, Toyo,
Hankook, BF Goodyear,
Ohtsu, Summtomo

Ph. (559) 486-6000
Ph. (559) 486-8686

All Tires are Available at Wholesale Best Price

TRUCK TIRES

WHOLESALE TIRE DEPOT-OPEN TO PUBLIC

Open 6 days a week
Monday-Friday 8.00 Am-10.00 Pm
Saturday 9.00 Am- 5.00 Pm.

Following Services are available on this location:
* Truck Alignment - Truck Tire Balance & Installation
* Oil, Lube & Filter
* Breaks- Drums & Seals for all Truck & Trailers Installed
* Truck wash will be available soon

* We can help you in emergency time

Come & Visit us at
3846 South Front Ave. FRESNO, CA 93725
Intersection (Golden State & Central Ave)

ਕੈਲੇਫੋਰਨੀਆ ਦੇ ਗੁਰਦੁਆਰੇ ਵਿਚ ਡਾਕਾ

ਵਾਸ਼ਿੰਗਟਨ- ਕੈਲੇਫੋਰਨੀਆ ਸ਼ਹਿਰ ਵਿਚ ਸਥਿਤ ਇਕ ਗੁਰਦੁਆਰੇ ਨੂੰ ਨਿਸ਼ਾਨਾ ਬਣਾਉਂਦਿਆਂ ਹਥਿਆਰਬੰਦ ਬੰਦਿਆਂ ਨੇ ਚੜ੍ਹਾਵੇ ਦੀ ਨਕਦੀ ਤੇ ਹੋਰ ਸਾਮਾਨ ਲੁੱਟ ਲਿਆ। ਲਿਵਿੰਗਸਟੋਨ ਪੁਲੀਸ ਨੇ ਦੱਸਿਆ ਕਿ ਤਿੰਨ ਲੁਟੇਰੇ ਐਤਵਾਰ ਦੀ ਸਵੇਰ ਸਾਹਮਣੇ ਵਾਲੇ ਗੇਟ ਵਿਚੋਂ ਗੁਰਦੁਆਰੇ ਵਿਚ ਦਾਖਲ ਹੋਏ। ਇਨ੍ਹਾਂ ਵਿਚੋਂ ਇਕ ਕੋਲ ਬੰਦੂਕ ਤੇ ਦੋ ਲੁਟੇਰਿਆਂ ਕੋਲ ਚਾਕੂ ਸਨ।

ਇਨ੍ਹਾਂ ਤਿੰਨਾਂ ਲੁਟੇਰਿਆਂ ਨੇ ਗੋਲਕ ਵਿਚੋਂ ਹਜ਼ਾਰਾਂ ਡਾਲਰ ਦੀ ਨਕਦੀ ਚੋਰੀ ਕਰ ਲਈ। ਉੱਤਰੀ ਅਮਰੀਕਨ ਪੰਜਾਬੀ ਐਸੋਸੀਏਸ਼ਨ (ਨਾਪਾ) ਦੇ ਪ੍ਰਧਾਨ ਸਤਨਾਮ ਸਿੰਘ ਚਹਿਲ ਨੇ ਦੱਸਿਆ ਕਿ ਲੁਟੇਰੇ ਨਕਦੀ ਲੈ ਗਏ ਤੇ ਗੋਲਕ ਗੁਰਦੁਆਰੇ ਦੇ ਬਾਹਰ ਸੁੱਟ ਗਏ। ਪੁਲੀਸ ਮੁਖੀ ਰੁਬੇਨ ਸ਼ਵੇਜ਼ ਨੇ ਕਿਹਾ ਕਿ ਇੱਥੇ ਪਹਿਲੀ ਵਾਰ ਲੁਟੇਰਿਆਂ ਨੇ ਗੁਰਦੁਆਰੇ ਨੂੰ ਨਿਸ਼ਾਨਾ ਬਣਾਇਆ ਹੈ। ਉਨ੍ਹਾਂ ਕਿਹਾ ਕਿ ਲੁਟੇਰਿਆਂ ਦੀ ਭਾਲ ਜਾਰੀ ਹੈ। ਲਿਵਿੰਗਸਟੋਨ ਵਿਚ ਸਿੱਖਾਂ ਦੀ 20 ਫੀਸਦੀ ਆਬਾਦੀ ਹੈ।

ਇੱਥੇ ਜ਼ਿਕਰਯੋਗ ਹੈ ਕਿ ਅਗਸਤ ਵਿਚ ਇਕ ਹਮਲਾਵਰ ਨੇ ਵਿਸਕੋਨਸਿਨ ਦੇ ਗੁਰਦੁਆਰੇ ਨੂੰ ਨਿਸ਼ਾਨਾ ਬਣਾ ਕੇ ਸੱਤ ਸ਼ਰਧਾਲੂਆਂ ਨੂੰ ਮਾਰ ਦਿੱਤਾ ਸੀ। ਸਿੱਖ ਭਾਈਚਾਰੇ ਦਾ ਕਹਿਣਾ ਹੈ ਕਿ ਗੁਰਦੁਆਰਿਆਂ ਨੂੰ ਨਿਸ਼ਾਨਾ ਬਣਾਉਣਾ ਬੇਹੱਦ ਮੰਦਭਾਗਾ ਹੈ।

ਪਰਵਾਸੀ ਪੰਜਾਬੀ ਪਰਿਵਾਰ ਨੇ ਲੁਟੇਰੇ ਭਜਾਏ

ਲੰਡਨ- ਵੈਸਟ ਮਿੱਡਲੈਂਡਜ਼ ਵਿਖੇ ਸਥਿਤ ਗਰੇਟ ਬਾਰ ਵਿਖੇ ਬੀਤੇ ਸੋਮਵਾਰ ਸ਼ਾਮ ਨੂੰ ਇਕ ਪਰਵਾਸੀ ਪੰਜਾਬੀ ਪਰਿਵਾਰ ਦੇ ਘਰ ਉੱਤੇ ਦੋ ਹਥਿਆਰਬੰਦ ਲੁਟੇਰਿਆਂ ਨੇ ਹਮਲਾ ਕਰ ਦਿੱਤਾ, ਪਰ ਪੰਜਾਬੀ ਪਰਿਵਾਰ ਨੇ ਉਨ੍ਹਾਂ ਦਾ ਡਟ ਕੇ ਮੁਕਾਬਲਾ ਕੀਤਾ ਅਤੇ ਲੁਟੇਰਿਆਂ ਨੂੰ ਭੱਜਣ ਲਈ ਮਜਬੂਰ ਕਰ ਦਿੱਤਾ। ਘਟਨਾ ਵਿੱਚ ਪਰਿਵਾਰ ਦਾ ਮੁਖੀ ਰਾਜਿੰਦਰ ਔਲਖ (40) ਜ਼ਖ਼ਮੀ ਹੋ ਗਿਆ। ਪ੍ਰਾਪਰਟੀ ਦਾ ਕਾਰੋਬਾਰ ਕਰਦੇ ਸ੍ਰੀ ਔਲਖ ਨੇ ਦੱਸਿਆ ਕਿ ਸੋਮਵਾਰ ਸ਼ਾਮ ਅਚਾਨਕ ਘਰ ਵਿੱਚ ਆ ਵੜੇ ਇਹ ਲੁਟੇਰੇ ਕੁਹਾੜੇ ਅਤੇ ਸੱਬਲਾਂ ਨਾਲ ਲੈਸ ਸਨ। ਉਨ੍ਹਾਂ ਨਕਦੀ ਅਤੇ ਕਾਰ ਦੀਆਂ ਚਾਬੀਆਂ ਮੰਗੀਆਂ ਅਤੇ ਸ੍ਰੀ ਔਲਖ ਦੇ ਨੌਂ ਸਾਲ ਦੇ ਛੋਟੇ ਪੁੱਤਰ ਦੀ ਗਰਦਨ ਉੱਤੇ ਕੁਹਾੜਾ ਧਰ ਦਿੱਤਾ।

ਸੁਖਵੰਤ ਸੁੱਖੀ ਡੀ ਜੇ ਮਿਊਜ਼ੀਕਲ ਗਰੁੱਪ

Sukhwant Sukhi DJ Musical Group

ਸੁਖਵੰਤ ਕੌਰ ਸੁੱਖੀ

ਸਿੰਗਰ

1. ਕੁਲਦੀਪ ਕੌਰ (ਸਿੰਗਰ)
2. ਸੁਖਵੰਤ ਕੌਰ ਸੁੱਖੀ (ਸਿੰਗਰ)
3. ਹਰਜੀਤ ਮਹਿੰਦੀ (ਸਿੰਗਰ)
4. ਚੰਦਨ (ਸਿੰਗਰ)
5. ਨਰਿੰਦਰ ਧਾਲੀਵਾਲ (ਕਲਾਕਾਰ)

Hits of sukhwant sukhi cd released

ਫੇਮ

ਘੱਗਰੇ ਦੀ ਵੇ ਲੌਣ ਭਿੱਜਗੀ
ਕਹਿੰਦੀ ਮੇਰਾ ਸਿਰ ਦੁਖਦਾ
ਨੱਚ ਪੰਜਾਬਣ ਨੱਚ
ਮੈਂ ਬੋਤਲ ਮੂੰਹ ਨੂੰ ਲਾਣੀਆਂ
ਐਵੇਂ ਨਾ ਪ੍ਰੀਤੇ ਨੀ ਸਲਾਮਾਂ ਹੁੰਦੀਆਂ

ਤੁਸੀਂ ਹੁਣ ਇੰਡੀਅਨ ਦੁਕਾਨਾਂ ਤੋਂ ਲਿਆ ਸਕਦੇ ਹੋ

ਕੁਲਦੀਪ ਕੌਰ

ਜਾਗਰਣ, ਵੈਡਿੰਗ, ਕਲਚਰ ਪ੍ਰੋਗਰਾਮ ਅਤੇ ਲੇਡੀਜ਼ ਸੰਗੀਤ ਵਾਸਤੇ

ਬੁਕਿੰਗ ਲਈ ਸੰਪਰਕ ਕਰੋ
408- 500-7483, 209- 735-2197
510-908- 5438

Moon Indian Cuisine

510-780-9233

ਰੈਸਟੋਰੈਂਟ ਤੋਂ ਖਾਣਾ ਪੈਕ ਕਰਵਾ ਕੇ ਵੀ ਲੈ ਜਾ ਸਕਦੇ ਹੋ,
ਕੇਟਰਿੰਗ ਵੇਲੇ ਤੰਦੂਰ ਦਾ ਇੰਤਜ਼ਾਮ ਹੈ, ਕੇਟਰਿੰਗ ਵਾਸਤੇ ਕਾਲ ਕਰੋ ਜੀ

* 100 ਬੰਦਿਆਂ ਤੋਂ ਲੈ ਕੇ ਵੱਡੀ ਤੋਂ ਵੱਡੀ ਪਾਰਟੀ ਤੱਕ
* ਗੁਰੂ ਘਰਾਂ ਵਿਚ ਕੇਟਰਿੰਗ ਲਈ 10 ਪ੍ਰਤੀਸ਼ਤ ਤੱਕ ਛੋਟ
* ਬਹੁਤ ਹੀ ਤਜ਼ਰਬੇਕਾਰ ਕੁੱਕ

Paul
510-978-7170

Fish Pakora
ਮੱਛੀ ਪਕੌੜੇ ਬਣਾਉਣ ਦੇ ਮਾਹਿਰ
ਲੱਡੂ, ਜਲੇਬੀ, ਬਰਫੀ, ਗੁਲਾਬ ਜਾਮੁਨ ਤੇ ਵਿਆਹ ਸ਼ਾਦੀ ਮੌਕੇ ਸਭ ਤਰ੍ਹਾਂ ਦੀ ਮਠਿਆਈ

Gill
510-709-5285

Over 30 Years Experience in Restaurant & Catering Business

ਇੰਡੀਅਨ-ਫਿਜੀ, ਪਾਕਿਸਤਾਨੀ ਕੁਜ਼ੀਨ

ਮੂਨ ਇੰਡੀਅਨ ਕੁਜ਼ੀਨ (ਹੇਵਰਡ)

600 West Harder Rd. Hayward, CA 94544
Phone (510)780-9233 Fax (510) 780-9812
www.moonindiancuisine.net

Cosmetic & Family Dentistry

Charanjit Singh Uppal, D.D.S.

510-786-1780

Discount For Senior Citizens And Cash Patients

- Laser Treatment
- Lumineers/Veneers
- Dentures & Partials
- Root Canals
- Bad Breath
- Cosmetic Dentistry
- Crowns & Bridges
- Tooth Extraction
- Gum Treatment

Strictly Maintained Sterilization Standards
Most Insurance Plans Accepted

Free Teeth Whitening with paid Exam
M-Ray & Cleaning
Your Insurance Usually Covers this Sercvices
Not Valid with any others Offer

ਦੰਦਾ ਦੀ ਮੁਫ਼ਤ ਸਫਾਈ ਸਮੇਤ ਪੇਡ ਐਗਜ਼ਾਮ, ਐਮ-ਰੇ ਅਤੇ ਸਫਾਈ। ਤੁਹਾਡੀ ਇੰਸ਼ੋਰੈਂਸ ਇਸ ਸੇਵਾ ਦੇ ਨਾਲ ਹੀ ਕਵਰ ਹੈ।

INVISALIGN
Upto $ 2300 Off

Call for Details
Straighten Teeth Without Wires

www.uppaldental.com

1191 W Tennyson Rd., Suite 4, Hayward, CA
510-786-1780

1750 CLEAR LAKE AVE
MILPITAS, CA 95095
408-942-4400